# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 118 | Wednesday, June 24, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU, Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਸਿਟੀ ਆਫ ਬਰੈਂਪਟਨ ਵੱਲੋਂ ਐਂਟੀ ਬਲੈਕ ਰੇਸਿਜ਼ਮ ਯੂਨਿਟ ਦਾ ਚੈਪਮੈਨ ਨੂੰ ਨਿਯੁਕਤ ਕੀਤਾ ਗਿਆ ਐਡਵਾਈਜ਼ਰ




ਬਰੈਂਪਟਨ, 23 ਜੂਨ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਪਿੱਛੇ ਜਿਹੇ ਐਲਾਨੀ ਗਈ ਬਲੈਕ ਐਫਰੀਕਨ ਐਂਡ ਕੈਰੇਬੀਅਨ ਸੋਸ਼ਲ, ਕਲਚਰਲ ਐਂਡ ਇਕਨੌਮਿਕ ਐਂਪਾਵਰਮੈਂਟ ਐਂਡ ਐਂਟੀ ਬਲੈਕ ਰੇਸਿਜ਼ਮ ਯੂਨਿਟ (Black African and Caribbean Social, Cultural and Economic Empowerment and Anti-Black Racism Unit) ਦਾ ਗਵੇਨੈਥ ਚੈਪਮੈਨ ਨੂੰ ਸੀਨੀਅਰ ਐਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ।

ਇਸ ਯੂਨਿਟ ਨੂੰ ਬੀਤੇ ਦਿਨੀਂ ਸਿਟੀ ਕਾਊਂਸਲ ਵੱਲੋਂ ਮਨਜ਼ੂਰੀ ਦਿੱਤੀ ਗਈ। ਚੈਪਮੈਨ ਚੀਫ ਐਡਮਨਿਸਟ੍ਰੇਟਿਵ ਆਫੀਸਰ ਦੇ ਆਫਿਸ ਨੂੰ ਰਿਪੋਰਟ ਕਰੇਗੀ। ਚੈਪਮੈਨ ਬਰੈਂਪਟਨ ਵਿੱਚੋਂ ਐਂਟੀ ਬਲੈਕ ਨਸਲਵਾਦ ਖਤਮ ਕਰਨ ਲਈ ਯੋਜਨਾ ਤਿਆਰ ਕਰੇਗੀ ਤੇ ਯੂਨਿਟ ਦੀ ਅਗਵਾਈ ਕਰੇਗੀ। ਲੋਕਲ ਕਮਿਊਨਿਟੀ ਨਾਲ ਤਾਲਮੇਲ ਬਿਠਾ ਕੇ ਬਰੈਂਪਟਨ ਦੀ ਬਲੈਕ ਕਮਿਊਨਿਟੀ ਦੇ ਸਮਾਜਕ, ਸੱਭਿਆਚਾਰਕ ਤੇ ਆਰਥਿਕ ਰੁਤਬੇ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਚੈਪਮੈਨ ਦਾ ਤਜਰਬਾ ਸਿਟੀ ਤੇ ਕਮਿਊਨਿਟੀ ਦੇ ਬਹੁਤ ਕੰਮ ਆਵੇਗਾ ਕਿਉਂਕਿ ਉਹ ਸਟਾਫ,ਲੋਕਲ ਬਿਜ਼ਨਸ ਤੇ ਸਟੇਕਹੋਲਡਰਜ਼ ਦਰਮਿਆਨ ਕੜੀ ਦਾ ਕੰਮ ਕਰੇਗੀ। ਪਿੱਛੇ ਜਿਹੇ ਚੈਪਮੈਨ ਕੈਨੇਡੀਅਨ ਬਲੈਕ ਕਾਕਸ ਦੀ ਪ੍ਰੈਜ਼ੀਡੈਂਟ, ਇੰਸਪਾਇਰਿੰਗ ਐਂਡ ਐਂਪਾਵਰਿੰਗ ਯੂਥ ਨੈੱਟਵਰਕ ਤੇ ਇੰਸਪਾਇਰਿੰਗ ਯੂ ਮੀਡੀਆ ਪ੍ਰੋਡਕਸ਼ਨਜ਼ ਦੀ ਪ੍ਰੈਜ਼ੀਡੈਂਟ ਵਜੋਂ ਸੇਵਾ ਨਿਭਾਅ ਚੁੱਕੀ ਹੈ। ਇਸ ਤੋਂ ਇਲਾਵਾ ਕਮਿਊਨਿਟੀ ਆਗੂ ਹੋਣ ਦੇ ਨਾਲ ਨਾਲ ਚੈਪਮੈਨ ਸੀਟੀਵੀ ਤੇ ਸਿਟੀਟੀਵੀ ਲਈ ਅਜਿਹੇ ਮਿਆਰੀ ਪ੍ਰੋਗਰਾਮ, ਜਿਨ੍ਹਾਂ ਵਿੱਚ ਬਲੈਕ ਕਮਿਊਨਿਟੀ ਨੂੰ ਹਾਈਲਾਈਟ ਕੀਤਾ ਗਿਆ ਹੋਵੇ, ਪ੍ਰੋਡਿਊਸ ਕਰ ਚੁੱਕੇ ਹਨ।

ਚੈਪਮੈਨ ਨੂੰ ਟੋਰਾਂਟੋ ਦੀ ਅਫਰੀਕਨ ਕੈਨੇਡੀਅਨ ਕਮਿਊਨਿਟੀ ਦੇ ਨੌਜਵਾਨਾਂ ਨਾਲ ਕੰਮ ਕਰਨ ਦਾ ਕਾਫੀ ਤਜ਼ਰਬਾ ਹੈ। ਚੈਪਮੈਨ 100 ਐਕੰਪਲਿਸ਼ਡ ਬਲੈਕ ਕੈਨੇਡੀਅਨ ਵੂਮਨ ਐਵਾਰਡ, ਕਮਿਊਨਿਟੀ ਵਿੱਚ ਯੋਗਦਾਨ ਪਾਉਣ ਲਈ ਬਲੈਕ ਬਿਜ਼ਨਸ ਐਂਡ ਪ੍ਰੋਫੈਸ਼ਨਲ ਐਸੋਸਿਏਸ਼ਨਜ਼ ਵੂਮਨ ਆਫ ਆਨਰ ਐਵਾਰਡ ਹਾਸਲ ਕਰ ਚੁੱਕੇ ਹਨ ਤੇ ਕਮਿਊਨਿਟੀ ਸਰਵਿਸ ਤੇ ਮੀਡੀਆ ਲਈ ਕੰਮ ਕਰਨ ਵਾਸਤੇ ਸਾਲ 2008 ਵਿੱਚ ਉਨ੍ਹਾਂ ਨੂੰ ਹੈਰੀ ਜੀਰੋਮ ਐਵਾਰਡ ਲਈ ਵੀ ਨਾਮਜਦ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਕਮਿਊਨਿਟੀ ਸਰਵਿਸ ਲਈ ਚੈਪਮੈਨ ਨੂੰ ਕੁਈਨ ਐਲਿਜ਼ਾਬੈੱਥ ਦੀ ਡਾਇਮੰਡ ਜੁਬਲੀ ਮੈਡਲ ਵੀ ਮਿਲ ਚੁੱਕਿਆ ਹੈ।

## ਓਨਟਾਰੀਓ ਵਿੱਚ ਆਇਆ ਤੂਫਾਨ

### ਐਨਵਾਇਰਮੈਂਟ ਕੈਨੇਡਾ ਵੱਲੋਂ ਕੀਤੀ ਗਈ ਪੁਸ਼ਟੀ



ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਸਿਟੀ ਆਫ ਕਵਾਰਥਾ ਲੇਕ ਵਿੱਚ ਸਟਰਜਨ ਲੇਕ ਵਿਖੇ ਤੂਫਾਨ ਆਉਣ ਦੀ ਪੁਸ਼ਟੀ ਕੀਤੀ ਗਈ ਹੈ।

ਐਨਵਾਇਰਮੈਂਟ ਕੈਨੇਡਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਤੂਫਾਨ ਮੰਗਲਵਾਰ ਨੂੰ ਦੁਪਹਿਰੇ 3:00 ਵਜੇ ਆਇਆ। ਲਿੰਡਸੇ, ਓਨਟਾਰੀਓ ਦੇ ਉੱਤਰ ਵੱਲ ਸਥਿਤ ਲੇਕ ਉੱਤੇ ਵਾਵਰੋਲੇ ਬਣਨ ਦੀਆਂ ਤਸਵੀਰਾਂ ਤੇ ਵੀਡੀਓ ਲੋਕਾਂ ਵੱਲੋਂ ਸਾਂਝੀਆਂ ਕੀਤੀਆਂ ਗਈਆਂ। ਇਸ ਸਮੇਂ ਤੱਕ ਇਸ ਇਲਾਕੇ ਵਿੱਚ ਤੂਫਾਨ ਆਉਣ ਦੀ ਕੋਈ ਚੇਤਾਵਨੀ ਨਹੀਂ ਸੀ ਦਿੱਤੀ ਗਈ।

ਅਜੇ ਤੱਕ ਇਸ ਤੂਫਾਨ ਨਾਲ ਹੋਏ ਨੁਕਸਾਨ ਬਾਰੇ ਕੋਈ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋਈ ਹੈ ਪਰ ਕੰਟਰੀ ਸਿੰਗਰ ਮੈਡੀਸਨ ਕੋਜੈਕ ਨੇ ਟਵੀਟ ਕਰਕੇ ਦੱਸਿਆ ਕਿ ਤੂਫਾਨ ਕਾਰਨ ਉਸ ਦੇ ਡੌਕ ਤੇ ਬੋਟਹਾਊਸ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ, ਪਰ ਸਾਰੇ ਸੁਰੱਖਿਅਤ ਹਨ। ਇਸ ਦੌਰਾਨ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

## ਕਮਿਊਨਿਟੀ ਸਰਵਿਸਿਜ਼ ਨੂੰ ਸਿਟੀ ਆਫ ਟੋਰਾਂਟੋ ਵੱਲੋਂ ਦਿੱਤੇ ਜਾਣਗੇ 5 ਮਿਲੀਅਨ ਡਾਲਰ




ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਪ੍ਰਭਾਵਿਤ ਕਮਜ਼ੋਰ ਲੋਕਾਂ ਦੀ ਮਦਦ ਕਰਨ ਵਾਲੀਆਂ ਕਮਿਊਨਿਟੀ ਸਰਵਿਸਿਜ਼ ਨੂੰ ਉਨ੍ਹਾਂ ਵੱਲੋਂ 5 ਮਿਲੀਅਨ ਡਾਲਰ ਦੇ ਨੇੜੇ ਤੇੜੇ ਰਕਮ ਵੰਡੀ ਜਾਵੇਗੀ।

ਸਿਟੀ ਆਫ ਟੋਰਾਂਟੋ ਵੱਲੋਂ ਇਹ ਫੰਡ ਉਨ੍ਹਾਂ ਏਜੰਸੀਆਂ ਵਿੱਚ ਨਿਵੇਸ਼ ਕੀਤੇ ਜਾਣਗੇ ਜਿਹੜੀਆਂ ਅੱਠ ਖੇਤਰਾਂ, ਜਿਨ੍ਹਾਂ ਵਿੱਚ ਹਾਊਸਿੰਗ ਤੇ ਹੋਮਲੈੱਸਨੈੱਸ, ਫੂਡ ਐਕਸੈੱਸ ਐਂਡ ਸਕਿਊਰਿਟੀ, ਪਰਿਵਾਰ, ਮਾਨਸਿਕ ਸਿਹਤ ਤੇ ਆਮਦਨ ਸਬੰਧੀ ਸਹਿਯੋਗ, ਸਮਾਜਕ ਕੁਨੈਕਸ਼ਨ, ਕਮਿਊਨਿਟੀ ਦੇ ਖੇਤਰ ਵਿੱਚ ਸਹਿਯੋਗ, ਕਮਿਊਨਿਟੀ ਸੇਫਟੀ ਤੇ ਭਲਾਈ ਸ਼ਾਮਲ ਹਨ, ਵਿੱਚ ਯੋਗਦਾਨ ਪਾ ਰਹੀਆਂ ਹੋਣਗੀਆਂ।

ਅਗਲੇ ਕੁੱਝ ਹਫਤਿਆਂ ਵਿੱਚ ਇਹ ਰਕਮ 50 ਕਮਿਊਨਿਟੀ ਅਧਾਰਤ ਏਜੰਸੀਆਂ ਨੂੰ ਜਾਰੀ ਕੀਤੀ ਜਾਵੇਗੀ, ਜਿਹੜੀਆਂ ਮਾਰਚ ਤੋਂ ਹੀ ਵਾਧੂ ਫੰਡਾ ਦੀ ਮੰਗ ਕਰ ਰਹੀਆਂ ਹਨ। ਸਿਟੀ ਨੇ ਇਹ ਵੀ ਆਖਿਆ ਕਿ ਬਹੁਤੀ ਤਵੱਜੋ ਸਿਆਹ ਨਸਲ ਤੇ ਮੂਲਵਾਸੀ ਕਮਿਊਨਿਟੀਜ਼ ਦੀ ਮਦਦ ਕਰਨ ਵਾਲੀਆਂ ਏਜੰਸੀਆਂ ਨੂੰ ਦਿੱਤੀ ਜਾਵੇਗੀ।

## ਵਿਦੇਸ਼ ਮੰਤਰੀ ਨੇ ਚੀਨ ਦੇ ਸਰਕਾਰੀ ਬੈਂਕ ਤੋਂ ਲਈ ਮਾਰਗੇਜ ਦੀ ਕੀਤੀ ਪੂਰੀ ਭਰਪਾਈ



ਓਟਵਾ, 23 ਜੂਨ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਚੀਨ ਦੇ ਸਰਕਾਰੀ ਬੈਂਕ ਤੋਂ ਲਈ ਮਾਰਗੇਜ ਦੀ ਪੂਰੀ ਭਰਪਾਈ ਕਰਨ ਤੋਂ ਬਾਅਦ ਇਨ੍ਹਾਂ ਮਾਰਗੇਜਿਜ਼ ਨੂੰ ਕੈਨੇਡੀਅਨ ਬੈਂਕ ਤੋਂ ਰੀਫਾਇਨਾਂਸ ਕਰਵਾ ਲਿਆ ਹੈ।

ਅੱਜ ਹਾਊਸ ਆਫ ਕਾਮਨਜ਼ ਦੀ ਹੈਲਥ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਸ਼ੈਂਪੇਨ ਨੇ ਇਹ ਖਬਰ ਸਾਂਝੀ ਕੀਤੀ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਐਥਿਕਸ ਕਮਿਸ਼ਨਰ ਨਾਲ ਇਸ ਬਾਬਤ ਗੱਲ ਕੀਤੀ ਗਈ ਸੀ ਤੇ ਉਸ ਤੋਂ ਬਾਅਦ ਹੀ ਇਹ ਫੈਸਲਾ ਲਿਆ ਗਿਆ। ਗਲੋਬ ਐਂਡ ਮੇਲ ਵੱਲੋਂ ਇਹ ਖਬਰ ਨਸ਼ਰ ਕੀਤੇ ਜਾਣ ਤੋਂ ਬਾਅਦ ਮੰਤਰੀ ਦੀ ਉਸ ਸਮੇਂ ਆਲੋਚਨਾ ਹੋਈ ਸੀ ਜਦੋਂ ਸਾਰਿਆਂ ਨੂੰ ਇਹ ਪਤਾ ਲੱਗਿਆ ਸੀ ਕਿ ਲੰਡਨ ਸਥਿਤ ਸਰਕਾਰੀ ਬੈਂਕ ਆਫ ਚਾਈਨਾ ਤੋਂ ਉਨ੍ਹਾਂ ਦੋ ਮਾਰਗੇਜਿਜ਼ ਲਈਆਂ ਹੋਈਆਂ ਹਨ। ਜਿਨ੍ਹਾਂ ਦੀ ਕੀਮਤ 1.2 ਮਿਲੀਅਨ ਡਾਲਰ ਬਣਦੀ ਸੀ।

ਜਦੋਂ ਇਹ ਰਿਪੋਰਟ ਪਹਿਲੀ ਵਾਰੀ ਸਾਹਮਣੇ ਆਈ ਤਾਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਇਹ ਸੁਝਾਅ ਦਿੱਤਾ ਸੀ ਕਿ ਚੀਨ ਨਾਲ ਰਿਸ਼ਤੇ ਵਿਗੜਨ ਦੀ ਸੂਰਤ ਵਿੱਚ ਵਿਦੇਸ਼ ਮੰਤਰੀ ਉੱਤੇ ਦਬਾਅ ਪਾਉਣ ਲਈ ਚੀਨ ਦੀ ਕਮਿਊਨਿਸਟ ਪਾਰਟੀ ਵਾਲੀ ਲੀਡਰਸ਼ਿਪ ਇਨ੍ਹਾਂ ਮਾਰਗੇਜਿਜ਼ ਦੀ ਵਰਤੋਂ ਕਰ ਸਕਦੀ ਹੈ। ਕਿਸੇ ਨੂੰ ਇੱਕ ਮਿਲੀਅਨ ਡਾਲਰ ਦਾ ਉਧਾਰ ਦੇਣਾ ਮਾਮੂਲੀ ਗੱਲ ਨਹੀਂ ਹੈ।

## ਮੈਕਸਿਕੋ ਵਿੱਚ ਆਇਆ ਜ਼ਬਰਦਸਤ ਭੂਚਾਲ



ਮੈਕਸਿਕੋ ਸਿਟੀ, 24 ਜੂਨ (ਪੋਸਟ ਬਿਊਰੋ): ਦੱਖਣੀ ਮੈਕਸਿਕੋ ਦੇ ਹੁਆਤੁਲਕੋ ਰਿਜ਼ੋਰਟ ਨੇੜੇ ਆਏ ਜ਼ਬਰਦਸਤ ਭੂਚਾਲ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸੜਕਾਂ ਉੱਤੇ ਉਤਰਨ ਲਈ ਮਜਬੂਰ ਹੋ ਗਏ। ਮੈਕਸਿਕੋ ਸਿਟੀ ਵਿੱਚ ਕਈ ਇਮਾਰਤਾਂ ਭੂਚਾਲ ਦੇ ਜ਼ਬਰਦਸਤ ਝਟਕਿਆਂ ਨਾਲ ਹਿੱਲ ਗਈਆਂ।

ਓਆਕਸਾਕਾ ਸਟੇਟ ਗਵਰਨਰ ਐਲੇਜ਼ਾਂਦਰੋ ਮੁਰਤ ਨੇ ਟੈਲੇਵਿਜੀਆ ਨੈੱਟਵਰਕ ਨੂੰ ਦੱਸਿਆ ਕਿ ਉਨ੍ਹਾਂ ਨੂੰ ਮਿਲੀ ਮੁੱਢਲੀ ਰਿਪੋਰਟ ਵਿੱਚ ਇੱਕ ਵਿਅਕਤੀ ਦੇ ਮਾਰੇ ਜਾਣ ਤੇ ਇੱਕ ਦੇ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਹੈ। ਇਹ ਜਾਨੀ ਨੁਕਸਾਨ ਹੁਆਤੁਲਕੋ ਦੇ ਹਿੱਸੇ ਕਰੂਸੇਸਿਤਾ ਵਿੱਚ ਇਮਾਰਤ ਡਿੱਗਣ ਕਾਰਨ ਹੋਇਆ। ਉਨ੍ਹਾਂ ਵੱਲੋਂ ਹੋਰ ਵੇਰਵੇ ਨਹੀਂ ਦਿੱਤੇ ਗਏ। ਬਾਕੀ ਥਾਂਵਾਂ ਤੋਂ ਮਾਮੂਲੀ ਨੁਕਸਾਨ ਦੀਆਂ ਹੀ ਖਬਰਾਂ ਮਿਲੀਆਂ। ਸਵੇਰ ਵੇਲੇ ਹੀ ਸੈਸਮਿਕ ਅਲਾਰਮ ਵੱਜਣੇ ਸ਼ੁਰੂ ਹੋ ਗਏ ਸਨ ਤੇ ਇਸ ਨਾਲ ਲੋਕਾਂ ਨੂੰ ਇਮਾਰਤਾਂ ਖਾਲੀ ਕਰਨ ਲਈ ਕਾਫੀ ਸਮਾਂ ਮਿਲ ਗਿਆ। ਕਈ ਇਲਾਕਿਆਂ ਦੀ ਬਿਜਲੀ ਵੀ ਬੰਦ ਕਰ ਦਿੱਤੀ ਗਈ। ਕਈ ਲੋਕ ਬਿਨਾਂ ਮਾਸਕਸ ਦੇ ਹੀ ਸੜਕਾਂ ਉੱਤੇ ਘੁੰਮਦੇ ਵੇਖੇ ਗਏ। ਮਿਊਂਸਪਲ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਵਾਰੀ ਵਾਰੀ ਅਪੀਲ ਕੀਤੇ ਜਾਣ ਦੇ ਬਾਵਜੂਦ ਉਹ ਬੇਪਰਵਾਹ ਸੜਕਾਂ ਉੱਤੇ ਨਜ਼ਰ ਆਏ।

ਯੂਐਸ ਜਿਓਲੌਜੀਕਲ ਸਰਵੇਅ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਭੂਚਾਲ ਦੀ ਗਤੀ ਰਿਕਟਰ ਪੈਮਾਨੇ ਉੱਤੇ 7.4 ਮਾਪੀ ਗਈ। ਭੂਚਾਲ ਸਵੇਰੇ 10 : 29 ਉੱਤੇ ਮੈਕਸਿਕੋ ਦੇ ਦੱਖਣੀ ਪੈਸੇਫਿਕ ਤੱਟ ਨੇੜੇ 16 ਮੀਲ ਦੀ ਡੂੰਘਾਈ ਉੱਤੇ ਆਇਆ। ਇਸ ਦੇ ਝਟਕੇ ਦੱਖਣੀ ਤੇ ਕੇਂਦਰੀ ਮੈਕਸਿਕੋ ਦੇ ਨਾਲ ਨਾਲ ਗੁਆਟੇਮਾਲਾ ਤੱਕ ਮਹਿਸੂਸ ਕੀਤੇ ਗਏ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2346 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc.
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax: 905-216-0392

You can Place Your Business Here (905)793-2202 To Reach Wider Audience

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control:
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call: PARESH PATEL
416 938 4598







**FRESH & LARGE VARIETY**
**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਪੀਲ ਰੀਜਨ ਵਿੱਚ ਹੋਈਆਂ ਮੌਤਾਂ ਉੱਤੇ ਪੀਲ ਪੁਲਿਸ ਬੋਰਡ ਨੇ ਪ੍ਰਗਟਾਇਆ ਅਫਸੋਸ




ਬਰੈਂਪਟਨ, 23 ਜੂਨ (ਪੋਸਟ ਬਿਊਰੋ) : ਪਿਛਲੇ ਕੁੱਝ ਹਫਤਿਆਂ ਵਿੱਚ ਵਾਪਰੀਆਂ ਦੋ ਘਟਨਾਵਾਂ ਦਾ ਪੀਲ ਪੁਲਿਸ ਸਰਵਿਸਿਜ਼ ਬੋਰਡ ਨੂੰ ਕਾਫੀ ਅਫਸੋਸ ਹੈ। ਇਨ੍ਹਾਂ ਦੋ ਵੱਖ ਵੱਖ ਘਟਨਾਵਾਂ ਵਿੱਚ ਵੱਖ ਵੱਖ ਮਾਨਸਿਕ ਸਥਿਤੀ ਨਾਲ ਜੁੜੇ ਮਾਮਲਿਆਂ ਵਿੱਚ ਹੋਈਆਂ ਮੌਤਾਂ ਨਾਲ ਪੀਲ ਰੀਜਨਲ ਪੁਲਿਸ ਦਾ ਨਾਂ ਜੁੜ ਗਿਆ। ਅਸੀਂ ਡੀਆਂਦਰੇ ਕੈਪਬੈਲ ਅਤੇ ਐਜਾਜ਼ ਚੌਧਰੀ ਦੀ ਮੌਤ ਦੇ ਸਬੰਧ ਵਿੱਚ ਉਨ੍ਹਾਂ ਦੇ ਪਰਿਵਾਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਨਾਲ ਦੁੱਖ ਸਾਂਝਾ ਕਰਨਾ ਚਾਹੁੰਦੇ ਹਾਂ।

ਬੋਰਡ ਆਫ ਪੀਲ ਪੁਲਿਸ ਚੀਫ ਨਿਸ਼ਾਨ ਦੁਰਈਅੱਪਾ ਨੇ ਆਖਿਆ ਕਿ ਭਾਵੇਂ ਅਸੀਂ ਇਸ ਦੁੱਖ ਵਿੱਚ ਸਾਰਿਆਂ ਦੇ ਨਾਲ ਹਾਂ ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਕਮਿਊਨਿਟੀ ਵਿੱਚ ਰੋਹ ਹੈ ਤੇ ਕਮਿਊਨਿਟੀ ਮੈਂਬਰ ਅਜਿਹੀਆਂ ਘਟਨਾਵਾਂ ਨੂੰ ਲੈ ਕੇ ਪਰੇਸ਼ਾਨ ਹਨ। ਹਰ ਕੋਈ ਇਨ੍ਹਾਂ ਘਟਨਾਵਾਂ ਦੇ ਜਵਾਬ ਚਾਹੁੰਦਾ ਹੈ ਤੇ ਅਸੀਂ ਵੀ ਅਜਿਹਾ ਹੀ ਚਾਹੁੰਦੇ ਹਾਂ।

ਇਨ੍ਹਾਂ ਮੌਤਾਂ ਨਾਲ ਪੁਲਿਸ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਜੁੜੀ ਹੈ, ਇਸ ਲਈ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਆਪਣਾ ਫਰਜ਼ ਸਮਝਦਿਆਂ ਹੋਇਆਂ ਇਨ੍ਹਾਂ ਦੁੱਖਦਾਈ ਤੇ ਤ੍ਰਾਸਦਿਕ ਘਟਨਾਵਾਂ ਨਾਲ ਜੁੜੇ ਹਾਲਾਤ ਦੀ ਜਾਂਚ ਕਰ ਰਹੀ ਹੈ। ਐਸਆਈਯੂ ਅਜਿਹੀ ਏਜੰਸੀ ਹੈ ਜਿਹੜੀ ਪੁਲਿਸ ਦੀ ਸ਼ਮੂਲੀਅਤ ਵਾਲੇ ਮਾਮਲਿਆਂ ਦੀ ਜਾਂਚ ਕਰਦੀ ਹੈ ਜਿਸ ਨਾਲ ਕਿਸੇ ਦੀ ਮੌਤ, ਕੋਈ ਗੰਭੀਰ ਸੱਟ ਫੇਟ ਜਾਂ ਓਨਟਾਰੀਓ ਵਿੱਚ ਕਿਸੇ ਸਿਵੀਲੀਅਨ ਉੱਤੇ ਹੋਏ ਜਿਨਸੀ ਹਮਲੇ ਆਦਿ ਦੇ ਦੋਸ਼ ਜੁੜੇ ਹੁੰਦੇ ਹਨ। ਬੋਰਡ ਐਸਆਈਯੂ ਵੱਲੋਂ ਕੀਤੀ ਜਾਣ ਵਾਲੀ ਜਾਂਚ ਉੱਤੇ ਟਿੱਪਣੀ ਨਹੀਂ ਕਰ ਸਕਦਾ।

ਦੁਰਈਅੱਪਾ ਨੇ ਆਖਿਆ ਕਿ ਐਸਆਈਯੂ ਇਨ੍ਹਾਂ ਮਾਮਲਿਆਂ ਦੀ ਜਾਂਚ ਦਾ ਕੰਮ ਜਲਦ ਤੋਂ ਜਲਦ ਮੁਕੰਮਲ ਕਰੇ ਤਾਂ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਦੇ ਨਤੀਜੇ ਲੋਕਾਂ ਨਾਲ ਸਾਂਝੇ ਕੀਤੇ ਜਾ ਸਕਣ। ਬੋਰਡ ਵੱਲੋਂ ਐਸਆਈਯੂ ਨੂੰ ਇਹ ਬੇਨਤੀ ਵੀ ਕੀਤੀ ਜਾ ਰਹੀ ਹੈ ਕਿ ਹੋ ਸਕੇ ਤਾਂ ਇਸ ਜਾਂਚ ਬਾਰੇ ਜਨਤਾ ਨੂੰ ਅਪਡੇਟ ਕੀਤਾ ਜਾਵੇ।

ਅਗਲੇ ਕੁੱਝ ਮਹੀਨਿਆਂ ਵਿੱਚ ਇਨ੍ਹਾਂ ਤ੍ਰਾਸਦਿਕ ਘਟਨਾਵਾਂ ਦਾ ਅਸਰ ਕਈ ਅਹਿਮ ਮੁੱਦਿਆਂ ਜਿਵੇਂ ਕਿ ਕਮਿਊਨਿਟੀ ਨਾਲ ਤਾਲਮੇਲ ਬਿਠਾਉਣ, ਰਣਨੀਤਕ ਯੋਜਨਾਬੰਦੀ ਤੇ 2021 ਦੇ ਬਜਟ ਨਾਲ ਸਬੰਧਤ ਬੋਰਡ ਦੇ ਕੰਮ ਉੱਤੇ ਵੀ ਪਵੇਗਾ। ਚੀਫ ਦੁਰਈਅੱਪਾ ਤੇ ਪੀਲ ਰੀਜਨ ਦੇ ਸਹਿਯੋਗ ਨਾਲ ਬੋਰਡ ਨਵੇਂ ਕਮਿਊਨਿਟੀ ਸੇਫਟੀ ਤੇ ਵੈਲ ਬੀਂਗ ਪਲੈਨ ਉੱਤੇ ਵੀ ਕੰਮ ਕਰ ਰਿਹਾ ਹੈ ਜਿਸ ਤਹਿਤ ਇਹ ਯਕੀਨੀ ਬਣਾਇਆ ਜਾਵੇਗਾ ਕਿ ਮਾਨਸਿਕ ਸਿਹਤ ਨਾਲ ਜੁੜੇ ਮਾਮਲਿਆਂ, ਪਬਲਿਕ ਹੈਲਥ ਤੇ ਸੇਫਟੀ ਤੇ ਕਮਿਊਨਿਟੀ ਨਾਲ ਸਬੰਧਾਂ ਨੂੰ ਸੰਪੂਰਨ ਤੌਰ ਉੱਤੇ ਵਿਚਾਰਿਆ ਜਾਵੇ।

ਇਸ ਕੰਮ ਤੋਂ ਇਹ ਸਿੱਧ ਹੁੰਦਾ ਹੈ ਕਿ ਬੋਰਡ ਪੀਲ ਕਮਿਊਨਿਟੀ ਦੇ ਹਰ ਜੀਅ ਦੀ ਸੇਫਟੀ ਤੇ ਸਕਿਊਰਿਟੀ ਨੂੰ ਪਹਿਲ ਦੇਣ ਲਈ ਵਚਨਬੱਧ ਹੈ। ਪਰ ਇਹ ਮੌਤਾਂ ਇਸ ਗੱਲ ਵੱਲ ਧਿਆਨ ਦਿਵਾਉਂਦੀਆਂ ਹਨ ਕਿ ਅਜੇ ਹੋਰ ਕਾਫੀ ਕੁੱਝ ਕਰਨਾ ਬਾਕੀ ਹੈ।

# ਓਨਟਾਰੀਓ ਵੱਲੋਂ ਨਵੇਂ ਐਲੀਮੈਂਟਰੀ ਮੈਥ ਪਾਠਕ੍ਰਮ ਦਾ ਖੁਲਾਸਾ



ਓਨਟਾਰੀਓ, 23 ਜੂਨ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਨੇ ਅੱਜ ਨਵੇਂ ਐਲੀਮੈਂਟਰੀ ਮੈਥ ਪਾਠਕ੍ਰਮ ਦਾ ਖੁਲਾਸਾ ਕੀਤਾ। ਇਸ ਵਿੱਚ ਕੋਡ ਲਰਨਿੰਗ ਤੇ ਫਾਇਨਾਂਸ਼ੀਅਲ ਲਿਟਰੇਸੀ (financial literacy) ਸਬੰਧੀ ਸਿੱਖਿਆ ਹਾਸਲ ਕਰਨ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਅੱਜ ਦੁਪਹਿਰ ਨੂੰ ਕੁਈਨਜ਼ ਪਾਰਕ ਵਿੱਚ ਗੱਲ ਕਰਦਿਆਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਮੈਥਸ ਸਿੱਖਿਆ ਵਿੱਚ ਸੁਧਾਰ ਕਰਨ ਦੇ ਉਨ੍ਹਾਂ ਵੱਲੋਂ ਚੋਣਾਂ ਵਿੱਚ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ ਹੋਇਆਂ ਉਨ੍ਹਾਂ ਦੀ ਸਰਕਾਰ ਨੂੰ ਮਾਣ ਮਹਿਸੂਸ ਹੋ ਰਿਹਾ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਕੁੱਝ ਸਮਾਂ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਉਹ 200 ਮਿਲੀਅਨ ਡਾਲਰ ਦੀ ਨਵੀਂ ਮੈਥਸ ਰਣਨੀਤੀ ਲਿਆ ਰਹੇ ਹਨ ਜਿਸ ਦਾ ਕੇਂਦਰ ਬੈਕ ਟੂ ਬੇਸਿਕਸ (back to basics) ਪਹੁੰਚ ਹੋਵੇਗੀ। ਇਸ ਨਵੇਂ ਪਾਠਕ੍ਰਮ ਤਹਿਤ ਫਾਇਨਾਂਸ਼ੀਅਲ ਲਿਟਰੇਸੀ (financial literacy) ਪਹਿਲੀ ਵਾਰੀ ਸਾਰੇ ਗ੍ਰੇਡਜ਼ ਵਿੱਚ ਪੜ੍ਹਾਈ ਜਾਵੇਗੀ। ਕੋਡਿੰਗ ਪਹਿਲੀ ਜਮਾਤ ਤੋਂ ਪੜ੍ਹਾਈ ਜਾਵੇਗੀ ਤੇ ਇਸ ਦੌਰਾਨ ਨਿਜੀ ਬਜਟਿੰਗ ਵੀ ਸਿਖਾਈ ਜਾਵੇਗੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਵਿਦਿਆਰਥੀਆਂ ਨੂੰ ਮੈਥਸ ਵਿੱਚ ਓਵਰਆਲ ਨੰਬਰ ਦਿੱਤੇ ਜਾਇਆ ਕਰਨਗੇ, ਪਹਿਲਾਂ ਵਾਂਗ ਹਰੇਕ ਸਟਰੈਂਡ ਲਈ ਵੱਖਰੇ ਨੰਬਰ ਨਹੀਂ ਦਿੱਤੇ ਜਾਣਗੇ।

# ਪੁਲਿਸ ਵਿਭਾਗ ’ਚ ਨਸਲਵਾਦ ਸਬੰਧੀ ਅਧਿਐਨ ਕਰਨ ਬਾਰੇ ਵਿਚਾਰ ਕਰ ਰਹੇ ਹਨ ਐਮਪੀਜ਼

ਓਟਵਾ, 23 ਜੂਨ (ਪੋਸਟ ਬਿਊਰੋ) : ਪਬਲਿਕ ਸੇਫਟੀ ਕਮੇਟੀ ਵਿੱਚ ਸ਼ਾਮਲ ਐਮਪੀਜ਼ ਪੁਲਿਸ ਵਿਭਾਗ ਦੇ ਪੂਰੇ ਸਿਸਟਮ ਵਿੱਚ ਹੀ ਨਸਲਵਾਦ ਸਬੰਧੀ ਅਧਿਐਨ ਕਰਨ ਬਾਰੇ ਵਿਚਾਰ ਕਰ ਰਹੇ ਹਨ। ਇਸ ਸਬੰਧ ਵਿੱਚ ਹਾਊਸ ਆਫ ਕਾਮਨਜ਼ ਦੀ ਇਹ ਕਮੇਟੀ ਅੱਜ ਦੁਪਹਿਰੇ ਮੁਲਾਕਾਤ ਕਰੇਗੀ।

ਐਨਡੀਪੀ ਐਮਪੀ ਜੈਕ ਹੈਰਿਸ ਵੱਲੋਂ ਪਬਲਿਕ ਸੇਫਟੀ ਕਮੇਟੀ ਨੂੰ ਇਸ ਸਬੰਧ ਵਿੱਚ ਜਾਂਚ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਹੈਰਿਸ ਚਾਹੁੰਦੇ ਹਨ ਕਿ ਆਰਸੀਐਮਪੀ ਕਮਿਸ਼ਨਰ ਬਰੈਂਡਾ ਲੱਕੀ ਤੇ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ, ਜੋ ਕਿ ਟੋਰਾਂਟੋ ਦੇ ਸਾਬਕਾ ਪੁਲਿਸ ਮੁਖੀ ਹਨ, ਚਸ਼ਮਦੀਦਾਂ ਦੇ ਵਿੱਚ ਰਹਿਣ। ਇਹ ਸਾਰਾ ਫੈਸਲਾ ਉਸ ਸਮੇਂ ਕੀਤਾ ਗਿਆ ਜਦੋਂ ਲੱਕੀ ਨੇ ਆਖਿਆ ਕਿ ਉਹ ਆਰਸੀਐਮਪੀ ਦੇ ਪੂਰੇ ਸਿਸਟਮ ਵਿੱਚ ਨਸਲਵਾਦ ਦੀ ਧਾਰਨਾ ਨਾਲ ਸੰਘਰਸ਼ ਕਰ ਰਹੇ ਹਨ।



ਐਨਡੀਪੀ ਪਹਿਲਾਂ ਹੀ ਆਰਸੀਐਮਪੀ ਦੇ ਬਜਟ ਦੇ ਮੁਲਾਂਕਣ ਦੀ ਮੰਗ ਕਰ ਚੁੱਕੀ ਹੈ। ਜ਼ਿਕਰਯੋਗ ਹੈ ਕਿ ਮਿਨੀਸੋਟਾ ਵਿੱਚ ਜਾਰਜ ਫਲੌਇਡ ਨਾਂ ਦੇ ਸਿਆਹ ਨਸਲ ਦੇ ਵਿਅਕਤੀ ਦੇ ਕਤਲ ਤੋਂ ਬਾਅਦ ਪੁਲਿਸ ਦੀਆਂ ਵਧੀਕੀਆਂ ਤੇ ਵਿਤਕਰਾ ਕਰਨ ਦੀ ਫਿਤਰਤ ਉੱਤੇ ਰੋਕ ਲਾਉਣ ਲਈ ਦੁਨੀਆਂ ਭਰ ਵਿੱਚ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

# ਹੈਮਿਲਟਨ ਸਕੂਲ ਬੋਰਡ ਨੇ ਸਕੂਲਾਂ ਵਿੱਚ ਪੁਲਿਸ ਅਧਿਕਾਰੀ ਤਾਇਨਾਤ ਕਰਨ ਵਾਲੇ ਪ੍ਰੋਗਰਾਮ ਨੂੰ ਕੀਤਾ ਖ਼ਤਮ



ਹੈਮਿਲਟਨ, 23 ਜੂਨ (ਪੋਸਟ ਬਿਊਰੋ) : ਹੈਮਿਲਟਨ ਦੇ ਇੱਕ ਸਕੂਲ ਬੋਰਡ ਨੇ ਉਸ ਪ੍ਰੋਗਰਾਮ ਨੂੰ ਖ਼ਤਮ ਕਰ ਦਿੱਤਾ ਹੈ ਜਿਸ ਤਹਿਤ ਐਲੀਮੈਂਟਰੀ ਤੇ ਹਾਈ ਸਕੂਲਜ਼ ਵਿੱਚ ਪੁਲਿਸ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਜਾਂਦਾ ਸੀ। ਨਸਲਵਾਦ ਤੇ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਹਿੰਸਾ ਖਿਲਾਫ ਚੱਲ ਰਹੇ ਮੁਜ਼ਾਹਰਿਆਂ ਦਰਮਿਆਨ ਕੈਨੇਡਾ ਭਰ ਦੇ ਕੁੱਝ ਸਕੂਲ ਬੋਰਡਜ਼ ਵੱਲੋਂ ਆਪਣੇ ਅਜਿਹੇ ਪ੍ਰੋਗਰਾਮਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।

ਹੈਮਿਲਟਨ-ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ ਦੇ ਟਰਸਟੀਜ਼ ਨੇ ਕੱਲ੍ਹ ਰਾਤ ਵੋਟ ਪਾਕੇ ਪੁਲਿਸ ਲਿਏਜ਼ਾਨ ਪ੍ਰੋਗਰਾਮ ਨੂੰ ਖ਼ਤਮ ਕਰ ਦਿੱਤਾ ਪਰ ਇਸ ਦੇ ਨਾਲ ਹੀ ਇਹ ਵੀ ਆਖਿਆ ਕਿ ਸਟਾਫ ਇਸ ਦਾ ਮੁਲਾਂਕਣ ਕਰੇਗਾ ਤੇ ਬਦਲਵੇਂ ਸਹਿਯੋਗ ਦਾ ਪ੍ਰਬੰਧ ਕਰੇਗਾ। ਬੋਰਡ ਵੱਲੋਂ ਇਸ ਸਬੰਧ ਵਿੱਚ ਪਾਸ ਕੀਤੇ ਮਤੇ ਤਹਿਤ ਵਿਦਿਆਰਥੀਆਂ, ਕਰਮਚਾਰੀਆਂ ਤੇ ਕਮਿਊਨਿਟੀ ਦਰਮਿਆਨ ਪਾਏ ਜਾਣ ਵਾਲੇ ਖੱਪੇ ਦੀ ਪਛਾਣ ਕਰਨ ਤੇ ਇਸ ਸਬੰਧੀ ਬਦਲਵਾਂ ਪ੍ਰੋਗਰਾਮ ਤਿਆਰ ਕਰਨ ਲਈ ਵੀ ਆਖਿਆ ਗਿਆ ਹੈ।

ਇਸ ਮੀਟਿੰਗ ਵਿੱਚ ਪੇਸ਼ ਦਸਤਾਵੇਜ਼ ਅਨੁਸਾਰ ਬੋਰਡ ਨੂੰ ਅਜਿਹੇ ਕਈ ਪੱਤਰ, ਈਮੇਲ ਤੇ ਹੋਰ ਮੈਸੇਜ ਹਾਸਲ ਹੋਏ ਜਿਨ੍ਹਾਂ ਵਿੱਚ ਇਹ ਆਖਿਆ ਗਿਆ ਸੀ ਕਿ ਇਸ ਪ੍ਰੋਗਰਾਮ ਕਾਰਨ ਵਿਦਿਆਰਥੀਆਂ, ਖਾਸ ਤੌਰ ਉੱਤੇ ਸਿਆਹ ਨਸਲ, ਮੂਲਵਾਸੀ ਤੇ ਹੋਰ ਨਸਲਾਂ ਦੇ ਵਿਦਿਅਰਥੀਆਂ ਵਿੱਚ ਡਰ ਤੇ ਚਿੰਤਾ ਪੈਦਾ ਹੋ ਰਹੀ ਹੈ।

# ਕੈਨੇਡਾ ਉੱਤੇ ਮੁੜ ਐਲੂਮੀਨੀਅਮ ਟੈਰਿਫ ਲਾਉਣ ਦੀ ਤਿਆਰੀ ਕਰ ਰਿਹਾ ਹੈ ਅਮਰੀਕਾ

ਓਟਵਾ, 23 ਜੂਨ (ਪੋਸਟ ਬਿਊਰੋ) : ਇੱਕ ਵਾਰੀ ਫਿਰ ਅਮਰੀਕਾ, ਕੈਨੇਡਾ ਉੱਤੇ ਐਲੂਮੀਨੀਅਮ ਟੈਰਿਫ ਲਾਉਣ ਬਾਰੇ ਵਿਚਾਰ ਕਰ ਰਿਹਾ ਹੈ। ਦੋ ਕੈਨੇਡੀਅਨ ਸਰੋਤਾਂ ਅਨੁਸਾਰ ਇਸ ਸਬੰਧ ਵਿੱਚ ਐਲਾਨ ਆਉਣ ਵਾਲੇ ਹਫਤਿਆਂ ਵਿੱਚ ਹੋ ਸਕਦਾ ਹੈ। ਦੋ ਮੀਡੀਆ ਅਦਾਰਿਆਂ ਵੱਲੋਂ ਕਲ੍ਹ ਰਾਤ ਇਸ ਗੱਲ ਦੀ ਸੰਭਾਵਨਾ ਪ੍ਰਗਟਾਈ ਗਈ ਸੀ ਕਿ ਅਮਰੀਕਾ ਕੈਨੇਡਾ ਉੱਤੇ ਟੈਰਿਫ ਲਾ ਸਕਦਾ ਹੈ। ਇਹ ਟੈਰਿਫ ਯੂਐਸ ਟਰੇਡ ਐਕਸਪੈਂਸ਼ਨ ਐਕਟ (U.S. Trade Expansion Act) ਦੀ ਧਾਰਾ 232 ਤਹਿਤ ਲਾਏ ਜਾ ਸਕਦੇ ਹਨ। ਅਮਰੀਕਾ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੀ ਐਲੂਮੀਨੀਅਮ ਮਾਰਕਿਟ ਕੈਨੇਡੀਅਨ ਉਤਪਾਦਾਂ ਨਾਲ ਭਰੀ ਹੋਈ ਹੈ ਜਿਸ ਕਾਰਨ ਉਨ੍ਹਾਂ ਨੂੰ ਇਹ ਫੈਸਲਾ ਕਰਨਾ ਪੈ ਸਕਦਾ ਹੈ।

ਜਦੋਂ ਇਨ੍ਹਾਂ ਟੈਰਿਫਜ਼ ਦੀ ਨਵੀਂ ਧਮਕੀ ਬਾਰੇ ਪੁੱਛਿਆ ਗਿਆ ਤਾਂ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਆਫਿਸ ਵੱਲੋਂ ਇੱਕ ਬਿਆਨ ਜਾਰੀ ਕਰਕੇ ਆਖਿਆ ਗਿਆ ਕਿ ਸਰਕਾਰ ਹਮੇਸ਼ਾਂ ਕੈਨੇਡਾ ਦੇ ਐਲੂਮੀਨੀਅਮ ਸੈਕਟਰ ਤੇ ਇਸ ਦੇ ਵਰਕਰਜ਼ ਦਾ ਬਚਾਅ ਕਰਦੀ ਰਹੇਗੀ। ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਦੋਵਾਂ ਦੇਸ਼ਾਂ ਲਈ ਐਲੂਮੀਨੀਅਮ ਸਮੇਤ ਹੋਰਨਾਂ ਵਸਤਾਂ ਤੇ ਸੇਵਾਵਾਂ ਦਾ ਬੇਰੋਕਟੋਕ ਲੈਣ ਦੇਣ ਰੋਜ਼ਗਾਰ ਦੇ ਮੌਕਿਆਂ ਤੇ ਆਰਥਿਕ ਵਿਕਾਸ ਲਈ ਬੇਹਦ ਜ਼ਰੂਰੀ ਹੈ। ਸਾਨੂੰ ਇਹ ਪੱਕਾ ਯਕੀਨ ਹੈ ਕਿ ਸਾਡੇ ਐਲੂਮੀਨੀਅਮ ਦੀ ਬਰਾਮਦ ਨਾਲ ਅਮਰੀਕੀ ਮਾਰਕਿਟ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਅਸੀਂ ਆਪਣੇ ਅਮਰੀਕੀ ਭਾਈਵਾਲਾਂ ਨਾਲ ਗੱਲਬਾਤ ਵਿੱਚ ਇਹ ਸਪਸ਼ਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।



ਇਸ ਤੋਂ ਪਹਿਲਾਂ ਮਈ 2018 ਵਿੱਚ ਅਮਰੀਕਾ ਨੇ ਕੈਨੇਡਾ ਉੱਤੇ ਸਟੀਲ ਤੇ ਐਲੂਮੀਨੀਅਮ ਟੈਰਿਫ ਲਾਏ ਸਨ, ਉਸ ਸਮੇਂ ਨਾਫਟਾ ਸਬੰਧੀ ਗੱਲਬਾਤ ਵੀ ਚੱਲ ਰਹੀ ਸੀ। ਇਹ ਟੈਰਿਫ ਘੱਟੋ ਘੱਟ ਇੱਕ ਸਾਲ ਤੱਕ ਲੱਗੇ ਰਹੇ, ਫਿਰ ਕੈਨੇਡਾ ਵੱਲੋਂ ਵੀ ਜਵਾਬੀ ਕਾਰਵਾਈ ਕੀਤੇ ਜਾਣ ਤੋਂ ਬਾਅਦ ਪਿਛਲੇ ਸਾਲ ਮਈ ਵਿੱਚ ਦੋਵਾਂ ਦੇਸ਼ਾਂ ਨੇ ਇਹ ਟੈਰਿਫ ਹਟਾ ਲਏ ਸਨ।

# ਭਾਰਤ ਦੀ ਚੀਨ ਖ਼ਿਲਾਫ ਵਪਾਰਕ ਸਖਤੀ: ਸਰਕਾਰੀ ਏਜੰਸੀਆਂ ਨੂੰ ਦੱਸਣਾ ਪਵੇਗਾ ਕਿ ਸਾਮਾਨ ਕਿਹੜੇ ਦੇਸ਼ ਵਿੱਚ ਬਣਿਐ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਪਿਛਲੇ ਹਫਤੇ ਪੂਰਬੀ ਲੱਦਾਖ ਵਿੱਚ ਚੀਨ ਨਾਲ ਹੋਈ ਫੌਜੀ ਝੜਪ ਅਤੇ ਇਸ ਤੋਂ ਬਾਅਦ ਚੱਲਦੇ ਵਿਵਾਦ ਦੇ ਦੌਰਾਨ ਭਾਰਤ ਸਰਕਾਰ ਨੇ ਚੀਨ ਨੂੰ ਵਪਾਰਕ ਝਟਕਾ ਦੇਣ ਵਾਲਾ ਫ਼ੈਸਲਾ ਲਿਆ ਹੈ। ਮੇਕ ਇਨ ਇੰਡੀਆ ਤੇ ਆਤਮ ਨਿਰਭਰ ਭਾਰਤ ਉੱਤੇ ਜ਼ੋਰ ਦੇਣ ਲਈ ਸਰਕਾਰ ਨੇ ਅੱਜ ਆਨਲਾਈਨ ਸੇਲ ਕਰਨ ਵਾਲਿਆਂ ਨੂੰ ਆਪਣੇ ਹਰ ਸਾਮਾਨ ਉੱਤੇ ਬਣਾਉਣ ਵਾਲੇ ਦੇਸ਼ ਦਾ ਨਾਮ ਲਿਖਣ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਲਈ ਸਰਕਾਰੀ ਈ-ਮਾਰਕਿਟਪਲੇਸ ਉੱਤੇ ਸਾਮਾਨ ਰਜਿਸਟਰ ਕਰਵਾਉਣ ਲਈ ‘ਕੰਟਰੀ ਓਰੀਜਨ’ ਦੱਸਣਾ ਲਾਜ਼ਮੀ ਕੀਤਾ ਗਿਆ ਹੈ ਤੇ ਇਸ ਦੀ ਜਾਣਕਾਰੀ ਨਾ ਦੇਣ ਉੱਤੇ ਸਾਮਾਨ ਨੂੰ ਸਰਕਾਰੀ ਈ-ਮਾਰਕਿਟਪਲੇਸ ਤੋਂ ਹਟਾ ਦਿੱਤਾ ਜਾਵੇਗਾ।

ਭਾਰਤ ਸਰਕਾਰ ਦੇ ਵਪਾਰ ਮੰਤਰਾਲੇ ਮੁਤਾਬਕ ਜਿਹੜੇ ਡੀਲਰਜ਼ ਨੇ ਆਪਣੇ ਸਾਮਾਨ ਪਹਿਲਾਂ ਅਪਲੋਡ ਕਰ ਦਿੱਤੇ ਹਨ, ਉਨ੍ਹਾਂ ਨੂੰ ਵਾਰ-ਵਾਰ ਚਿਤਾਵਨੀ ਨਾਲ ਕਿਹਾ ਜਾ ਰਿਹਾ ਹੈ ਕਿ ਸਾਮਾਨ ਬਣਾਉਣ ਵਾਲੇ ਦੇਸ਼ ਦਾ ਜ਼ਿਕਰ ਕਰਨ, ਨਹੀਂ ਤਾਂ ਉਨ੍ਹਾਂ ਦਾ ਸਾਮਾਨ ਇਸ ਪਲੇਟਫਾਰਮ ਤੋਂ ਹਟਾ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ ਚੀਨ ਦਾ ਨਾਮ ਲਏ ਬਿਨਾਂ ਸਰਕਾਰ ਨੇ ਨਿਰਦੇਸ਼ ਦਿੱਤਾ ਹੈ ਕਿ ਹਰ ਸਰਕਾਰੀ ਖਰੀਦ ਵਿੱਚ ਦੇਸੀ ਸਾਮਾਨ ਨੂੰ ਪਹਿਲ ਦਿੱਤੀ ਜਾਵੇਗੀ। ਬਿਆਨ ਮੁਤਾਬਕ ਈ-ਕਾਮਰਸ ਪਲੇਟਫਾਰਮ ਉੱਤੇ ਨਵੇਂ ਫ਼ੀਚਰ ਜੋੜੇ ਗਏ ਹਨ ਤੇ ਲੋਕ ਆਪਣੀ ਇੱਛਾ ਮੁਤਾਬਕ ਭਾਰਤੀ ਸਾਮਾਨ ਖਰੀਦ ਸਕਦੇ ਹਨ ਅਤੇ ਉਹ ਹਰ ਸਾਮਾਨ ਵਿੱਚ ਲੋਕਲ ਕੰਟੈਂਟ ਦੀ ਹਿੱਸੇਦਾਰੀ ਬਾਰੇ ਵੀ ਪਤਾ ਕਰ ਸਕਣਗੇ।

ਇਸ ਮੌਕੇ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਲੋਕਲ ਸਾਮਾਨ ਦਾ ਮਤਲਬ ਸਿਰਫ਼ ਭਾਰਤੀ ਕੰਪਨੀਆਂ ਦੇ ਬਣੇ ਸਾਮਾਨ ਨਹੀਂ, ਇਸ ਵਿਚ ਕਈ ਬਹੁ-ਕੌਮੀ ਕੰਪਨੀਆਂ ਦੇ ਬਣਾਏ ਸਾਮਾਨ ਵੀ ਹਨ। ਸਰਕਾਰ ਦੇ ਇਸ ਫ਼ੈਸਲੇ ਦਾ ਸਿੱਧਾ ਅਸਰ ਚੀਨੀ ਕੰਪਨੀਆਂ ਦੀ ਵਿਕਰੀ ਉੱਤੇ ਹੋ ਸਕਦਾ ਹੈ। ਕੇਂਦਰ ਤੇ ਰਾਜ ਸਰਕਾਰਾਂ ਦੇ ਵਿਭਾਗ ਅਤੇ ਦਫ਼ਤਰ ਇਸ ਈ-ਕਾਮਰਸ ਪੋਰਟਲ ਤੋਂ ਆਪਣੀ ਜ਼ਰੂਰਤ ਦੇ ਲਈ ਸਮਾਨ ਅਤੇ ਸਰਵਿਸ, ਜਿਵੇਂ ਫਰਨੀਚਰ, ਸਟੇਸ਼ਨਰੀ, ਕਰਾਕਰੀ, ਸੈਨੇਟਾਈਜ਼ਰ, ਮਾਸਕ ਅਤੇ ਪੀ ਪੀ ਈ ਕਿੱਟ ਆਦਿ ਲੈਂਦੇ ਹਨ। ਇਸ ਪੋਰਟਲ ਉੱਤੇ 17 ਲੱਖ ਸਾਮਾਨ ਹਨ। ਜੇ ਸਰਕਾਰੀ ਖਰੀਦ ਵਿਚ ਦੇਸੀ ਸਾਮਾਨ ਨੂੰ ਪਹਿਲ ਦਿੱਤੀ ਜਾਵੇ ਤਾਂ ਚੀਨ ਨੂੰ ਆਪਣਾ ਸਾਮਾਨ ਵੇਚਣ ਵਿੱਚ ਔਖ ਆ ਸਕਦੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



## ਅੱਜ ਨਾਮਾ

ਕਹਿੰਦਾ ਏ ਮਹਿਕਮਾ ਕਰੋ ਪ੍ਰਬੰਧ ਭਾਈ,
ਮੌਨਸੂਨ ਬੱਸ ਆਉਂਦੀ ਆ ਚੜ੍ਹੀ ਮੀਆਂ।
ਪੂਰਾ ਅੱਧਾ ਮਹੀਨਾ ਤੇ ਗੁਜ਼ਰ ਗਿਆ ਜੇ,
ਦੱਖਣੀ ਰਾਜਾਂ ਦੇ ਵਿੱਚ ਜਾਂ ਵੜੀ ਮੀਆਂ।
ਸਭ ਨੂੰ ਪਤਾ ਕਿ ਜਦੋਂ ਇਹ ਚੱਲ ਪੈਂਦੀ,
ਹੁੰਦੀ ਫੇਰ ਨਹੀਂ ਕਿਤੇ ਆ ਖੜੀ ਮੀਆਂ।
ਇਹਦਾ ਅਜੇ ਨਾ ਫਿਕਰ ਪੰਜਾਬੀਆਂ ਨੂੰ,
ਭਾਜੜ ਪੈਣੀ ਜਦ ਲੱਗੂਗੀ ਝੜੀ ਮੀਆਂ।
ਕੱਢੀ ਗਾਰ ਨਹੀਂ ਚੋਆਂ ਤੇ ਨਾਲਿਆਂ ਦੀ,
ਕੀਤਾ ਪੁਖਤਾ ਪ੍ਰਬੰਧ ਨਹੀਂ ਕੋਈ ਮੀਆਂ।
ਆਈ ਬਾਰਸ਼ ਤਾਂ ਹੋਣੀ ਹੈ ਫੇਰ ਉਹੀਓ,
ਸਾਲੋ-ਸਾਲ ਜਿਹੜੀ ਜਾਵੇ ਹੋਈ ਮੀਆਂ।

**ਤੀਸ ਮਾਰ ਖਾਂ**

# ਬਾਬਾ ਰਾਮਦੇਵ ਦੀ ਪਤੰਜਲੀ ਨੂੰ ਝਟਕਾ: ਭਾਰਤ ਸਰਕਾਰ ਨੇ ਪਤੰਜਲੀ ਵੱਲੋਂ ਬਣਾਈ ਕੋਰੋਨਾ ਦੀ ਦਵਾਈ ਦੇ ਪ੍ਰਚਾਰ ਨੂੰ ਖੜੇ ਪੈਰ ਰੋਕਿਆ

### * ਰਾਮਦੇਵ ਵੱਲੋਂ ਸੌ ਫੀਸਦੀ ਇਲਾਜ ਵਾਲੀ ਦਵਾਈ ਬਣਾਉਣ ਦਾ ਦਾਅਵਾ

ਨਵੀਂ ਦਿੱਲੀ-ਹਰਿਦੁਆਰ, 23 ਜੂਨ, (ਪੋਸਟ ਬਿਊਰੋ)- ਬਹੁ-ਚਰਚਿਤ ਬਾਬਾ ਰਾਮਦੇਵ ਦੀ ਪਤੰਜਲੀ ਸੰਸਥਾ ਵੱਲੋਂ ਅੱਜ ਹੀ ਇਹ ਦਾਅਵਾ ਕੀਤਾ ਗਿਆ ਸੀ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ 100 ਫ਼ੀਸਦੀ ਖਤਮ ਕਰਨ ਦੀ ਦਵਾਈ ਬਣਾ ਲਈ ਹੈ ਅਤੇ ਬਹੁਤ ਸਸਤੇ ਰੇਟ ਉੱਤੇ ਵੇਚੀ ਜਾਵੇਗੀ, ਪਰ ਭਾਰਤ ਸਰਕਾਰ ਨੇ ਇਸ ਐਲਾਨ ਦੇ ਕੁਝ ਘੰਟੇ ਬਾਅਦ ਇਸ ਦਵਾਈ ਦੇ ਪ੍ਰਚਾਰ ਉੱਤੇ ਰੋਕ ਲਾ ਕੇ ਸਾਰੀ ਪਹਿਲ ਕਦਮੀ ਦੀ ਫੂਕ ਕੱਢ ਦਿੱਤੀ ਹੈ।

ਇਸ ਸੰਬੰਧ ਵਿੱਚ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਨੇ ਬਾਬਾ ਰਾਮਦੇਵ ਦੀ ਪਤੰਜਲੀ ਆਯੁਰਵੈਦ ਕੰਪਨੀ ਨੂੰ ਕਿਹਾ ਹੈ ਕਿ ਉਹ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਦੇ ਇਲਾਜ ਦੀ ਦਵਾਈ ਦਾ ਨਾਮ ਅਤੇ ਉਸ ਵਿੱਚ ਵਰਤੇ ਗਏ ਸਾਰੇ ਸਾਮਾਨ ਦੀ ਜਾਣਕਾਰੀ ਜਲਦੀ ਦੇਣ। ਆਯੂਸ਼ ਮੰਤਰਾਲਾ ਨੇ ਮੀਡੀਆ ਵਿੱਚ ਇਸ ਦਵਾਈ ਬਾਰੇ ਖਬਰਾਂ ਆਉਣ ਦੇ ਬਾਅਦ ਇਹ ਕਦਮ ਚੁੱਕਿਆ ਹੈ ਅਤੇ ਕਿਹਾ ਹੈ ਕਿ ਮੰਤਰਾਲੇ ਨੂੰ ਕੋਵਿਡ-19 ਦਾ 100 ਫੀਸਦੀ ਇਲਾਜ ਕਰਨ ਦੇ ਦਾਅਵੇ ਅਤੇ ਦਵਾਈ ਬਣਾਉਣ ਦੀ ਵਿਗਿਆਨਕ ਜਾਂਚ ਦੀ ਪੂਰੀ ਜਾਣਕਾਰੀ ਤੱਕ ਨਹੀਂ ਦਿੱਤੀ ਗਈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੀ ਮਹਾਮਾਰੀ ਨੇ ਸੰਸਾਰ ਭਰ ਵਿੱਚ ਤਰਥੱਲੀ ਮਚਾ ਰੱਖੀ ਹੈ ਤੇ ਇਸ ਦੀ ਮਾਰ ਕਾਰਨ ਸਾਰੀ ਦੁਨੀਆ ਦੀ ਆਰਥਿਕਤਾ ਹਿੱਲੀ ਪਈ ਹੈ, ਪਰ ਅਜੇ ਤੱਕ ਕੋਈ ਦੇਸ਼ ਇਸ ਦੇ ਇਲਾਜ ਲਈ ਦਵਾਈ ਨਹੀਂ ਬਣਾ ਸਕਿਆ। ਇਸ ਦੌਰਾਨ ਅੱਜ ਯੋਗੀ ਬਾਬਾ ਰਾਮਦੇਵ ਨੇ ਅਪਣੀ ਪਤੰਜਲੀ ਕੰਪਨੀ




ਵੱਲੋਂ ਦਾਅਵਾ ਕਰ ਦਿੱਤਾ ਕਿ ਉਨ੍ਹਾਂ ਨੇ ਇਸ ਦੀ ਦਵਾਈ ਬਣਾ ਲਈ ਹੈ। ਬਾਕਾਇਦਾ ਪ੍ਰੈੱਸ ਕਾਨਫਰੰਸ ਵਿਚ ਰਾਮਦੇਵ ਨੇ ਕਿਹਾ ਕਿ ਦੁਨੀਆ ਜਿਸ ਚੀਜ਼ ਨੂੰ ਉਡੀਕ ਰਹੀ ਸੀ, ਸਾਨੂੰ ਮਾਣ ਹੈ ਕਿ ਕੋਰੋਨਾ ਵਾਇਰਸ ਦੀ ਉਹ ਪਹਿਲੀ ਆਯੁਰਵੈਦਿਕ ਦਵਾਈ ਅਸੀਂ ਬਣਾ ਲਈ ਹੈ ਅਤੇ ਇਸ ਦਵਾਈ ਦਾ ਨਾਮ ਕੋਰੋਨਿਲ ਰੱਖਿਆ ਹੈ। ਰਾਮਦੇਵ ਨੇ ਕਿਹਾ ਕਿ ਐਲੋਪੈਥਿਕ ਸਿਸਟਮ ਇਸ ਦਵਾਈ ਦੀ ਖੋਜ ਕਰ ਰਿਹਾ ਹੈ, ਜਿਸ ਬਾਰੇ ਅਸੀਂ ਕਲੀਨਿਕਲ ਟੈੱਸਟ ਕਰਵਾਏ ਹਨ ਤੇ ਇਸ ਦੀ ਜਾਂਚ ਇੱਕ ਸੌ ਲੋਕਾਂ ਉੱਤੇ ਕੀਤੀ ਗਈ ਹੈ, ਜਿਸ ਨਾਲ ਇਸ ਵਾਇਰਸ ਤੋਂ ਪੀੜਤ ਲੋਕ ਤਿੰਨ ਦਿਨਾਂ ਵਿੱਚ 65 ਫੀਸਦੀ ਕੋਰੋਨਾ ਪਾਜ਼ਿਟਿਵ ਦੀ ਰਿਪੋਰਟ ਹੋਣ ਤੋਂ ਬਾਅਦ ਨੈਗੇਟਿਵ ਹੋ ਗਏ ਹਨ ਤੇ ਸੱਤ ਦਿਨਾਂ ਵਿਚ ਸੌ ਫੀਸਦੀ ਠੀਕ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਇਸ ਨੂੰ ਪੂਰੀ ਜਾਂਚ ਤੇ ਖੋਜ ਨਾਲ ਬਣਾਇਆ ਹੈ, ਇਸ ਵਿਚ ਸੌ ਫੀਸਦੀ ਰਿਕਵਰੀ ਅਤੇ ਜ਼ੀਰੋ ਫੀਸਦੀ ਡੈੱਥ ਰੇਟ ਹੈ। ਰਾਮਦੇਵ ਨੇ ਕਿਹਾ ਕਿ ਲੋਕ ਇਸ ਦਾਅਵੇ ਉੱਤੇ ਸਾਡੇ ਤੋਂ ਸਵਾਲ ਕਰਨਗੇ, ਪਰ ਸਾਡੇ ਕੋਲ ਹਰ ਸਵਾਲ ਦਾ ਜਵਾਬ ਹੈ ਤੇ ਅਸੀਂ ਸਾਰੇ ਵਿ-ਗਆਨਕ ਨਿਯਮਾਂ ਦੀ ਪਾਲਣਾ ਕੀਤੀ ਹੈ।

ਇਸ ਪ੍ਰੈਸ ਕਾਨਫਰੰਸ ਵਿਚ ਰਾਮਦੇਵ ਨੇ ਇਹ ਦਵਾਈ ਬਣਾਉਣ ਲਈ ਸਿਰਫ ਦੇਸੀ ਸਮਾਨ ਦੀ ਵਰਤੋਂ ਕਰਨ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਇਸ ਵਿਚ ਮੁਲੱਠੀ-ਕਾੜਾ ਸਮੇਤ ਕਈ ਚੀਜ਼ਾਂ ਦੇ ਨਾਲ ਗਿਲੋਏ, ਅਸ਼ਵਗੰਧਾ, ਤੁਲਸੀ, ਸ਼ਵਾਸਰ ਦੀ ਵਰਤੋਂ ਕੀਤੀ ਹੈ। ਉਨ੍ਹਾ ਕਿਹਾ ਕਿ ਆਯੁਰਵੈਦ ਵਾਲੀ ਇਹ ਦਵਾਈ ਅਗਲੇ ਹਫਤੇ ਪਤੰਜਲੀ ਦੇ ਸਾਰੇ ਸਟੋਰਾਂ ਤੋਂ ਮਿਲਣ ਲੱਗੇਗੀ ਅਤੇ ਇੱਕ ਐਪ ਲਾਂਚ ਕਰ ਕੇ ਉਸ ਦੀ ਮਦਦ ਨਾਲ ਇਹਦੀ ਹੋਮ ਡਿਲਿਵਰੀ ਕੀਤੀ ਜਾਵੇਗੀ।

ਇਸ ਦੇ ਬਾਅਦ ਆਯੂਸ਼ ਮੰਤਰਾਲਾ ਨੇ ਨੋਟ ਜਾਰੀ ਕਰ ਕੇ ਕਿਹਾ ਕਿ ਕੋਰੋਨਾ ਵਾਇਰਸ ਖਤਮ ਕਰਨ ਦਾ ਦਾਅਵਾ ਕਰਣ ਵਾਲੀ ਪਤੰਜਲੀ ਆਯੁਰਵੈਦ ਦੀ ਦਵਾਈ ਬਾਰੇ ਪੂਰੀ ਜਾਣਕਾਰੀ ਮੰਗੀ ਗਈ ਹੈ ਅਤੇ ਇਹ ਦਵਾਈ ਜਾਰੀ ਕਰਨ ਦੇ ਲਾਇਸੰਸ ਨਾਲ ਸਬੰਧਤ ਸਾਰਾ ਵੇਰਵਾ ਵੀ ਪਤੰਜਲੀ ਕੰਪਨੀ ਤੋਂ ਮੰਗਿਆ ਗਿਆ ਹੈ।

# ਦਿੱਲੀ ਵਿੱਚ ਇੱਕੋ ਦਿਨ ਕੋਰੋਨਾ ਦੇ ਰਿਕਾਰਡ 3947 ਕੇਸ ਤੇ 68 ਮੌਤਾਂ

### * ਪੰਜਾਬ ਵਿੱਚ ਕੋਰੋਨਾ ਨਾਲ 248 ਹੋਰ ਕੇਸ, ਪੰਜ ਮੌਤਾਂ



ਨਵੀਂ ਦਿੱਲੀ, 24 ਜੂਨ, (ਪੋਸਟ ਬਿਊਰੋ)- ਭਾਰਤ ਵਿੱਚ ਮਹਾਰਾਸ਼ਟਰ ਪਹਿਲਾਂ ਹੀ ਕੋਰੋਨਾ ਵਾਇਰਸ ਦੇ ਕਾਰਨ ਫਿਕਰ ਵਧਾ ਰਿਹਾ ਸੀ, ਉਸ ਦੇ ਬਾਅਦ ਦਿੱਲੀ ਵਿੱਚ ਕੋਰੋਨਾ ਦੀ ਮਾਰ ਲਗਾਤਾਰ ਵਧਣ ਲੱਗ ਪਈ ਹੈ।

ਬੀਤੇ 24 ਘੰਟਿਆਂ ਵਿੱਚ ਦੇਸ਼ ਦੀ ਰਾਜਧਾਨੀ ਵਾਲੇ ਇਸ ਸ਼ਹਿਰ ਵਿੱਚ ਕੋਰੋਨਾ ਦੇ 3947 ਨਵੇਂ ਕੇਸ ਮਿਲੇ ਹਨ, ਜਿਹੜੇ ਇੱਕੋ ਦਿਨ ਇਸ ਸ਼ਹਿਰ ਤੋਂ ਮਿਲਣ ਵਾਲੇ ਕੇਸਾਂ ਦਾ ਅੱਜ ਤੱਕ ਦਾ ਰਿਕਾਰਡ ਹੈ। ਇਸ ਨਾਲ ਦਿੱਲੀ ਵਿੱਚ ਕੋਰੋਨਾ ਦੇ ਕੇਸਾਂ ਦੀ ਕੁੱਲ ਗਿਣਤੀ ਵਧ ਕੇ 66,602 ਹੋ ਗਈ ਅਤੇ ਬੀਤੇ 24 ਘੰਟਿਆਂ ਵਿੱਚ 68 ਲੋਕਾਂ ਦੀ ਮੌਤ ਨਾਲ ਹੀ ਦਿੱਲੀ ਰਾਜਧਾਨੀ ਵਿੱਚ ਕੋਰੋਨਾ ਨਾਲ ਮੌਤਾਂ ਦੀ ਕੁੱਲ ਗਿਣਤੀ ਵੀ 2301 ਦਰਜ ਕੀਤੀ ਗਈ ਹੈ।

ਇਸ ਦੌਰਾਨ ਭਾਰਤ ਵਿੱਚ ਕੋਰੋਨਾ ਦੇ ਕੁੱਲ ਕੇਸਾਂ ਦੀ ਗਿਣਤੀ ਅੱਜ ਬੁੱਧਵਾਰ ਸਵੇਰ ਹੋਣ ਤੱਕ 4,56,062 ਹੋ ਚੁੱਕੀ ਹੈ ਤੇ ਅੱਜ ਤੱਕ ਕੁੱਲ 14,483 ਮੌਤਾਂ ਹੋਈਆਂ ਹਨ। ਸਭ ਤੋਂ ਵੱਧ ਮਹਾਰਾਸ਼ਟਰ ਵਿੱਚ 6283 ਮੌਤਾਂ ਹੋਈਆਂ ਹਨ ਤੇ ਉਸ ਦੇ ਬਾਅਦ ਦਿੱਲੀ ਵਿੱਚ 2233 ਮੌਤਾਂ ਹੋਈਆਂ ਹਨ। ਗੁਜਰਾਤ ਵਿੱਚ 1684 ਮੌਤਾਂ, ਤਾਮਿਲ ਨਾਡੂ ਵਿੱਚ 794, ਉੱਤਰ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿੱਚ ਦੋਵੀਂ ਥਾਂਈਂ 569-569 ਮੌਤਾਂ, ਮੱਧ ਪ੍ਰਦੇਸ਼ ਵਿੱਚ 521 ਮੌਤਾਂ ਅਤੇ ਰਾਜਸਥਾਨ ਵਿੱਚ ਅੱਜ ਤੱਕ ਕੁੱਲ 356 ਮੌਤਾਂ ਹੋਈਆਂ ਹਨ।

ਪੰਜਾਬ ਵਿੱਚ ਮੰਗਲਵਾਰ ਦੇ ਦਿਨ ਤਿੰਨ ਔਰਤਾਂ ਸਣੇ ਪੰਜ ਲੋਕਾਂ ਦੀ ਮੌਤ ਹੋਈ ਹੈ। ਸੰਗਰੂਰ ਜ਼ਿਲੇ ਦੇ ਇੱਕ 65 ਸਾਲਾ ਵਿਅਕਤੀ ਦੀ ਮੌਤ ਲੁਧਿਆਣਾ ਦੇ ਡੀ ਐੱਮ ਸੀ ਹਸਪਤਾਲ ਵਿੱਚ ਹੋਈ ਹੈ ਅਤੇ ਲੁਧਿਆਣਾ ਵਿੱਚ ਇੱਕ 85 ਸਾਲਾ ਔਰਤ, ਪਟਿਆਲਾ ਵਿੱਚ 68 ਸਾਲਾ ਔਰਤ ਤੇ ਅੰਮ੍ਰਿਤਸਰ ਵਿੱਚ 67 ਸਾਲਾ ਔਰਤ ਦੀ ਮੌਤ ਹੋਈ ਹੈ। ਪੰਜਾਬ ਵਿੱਚ ਅੱਜ ਮੌਤਾਂ ਦੀ ਗਿਣਤੀ 110 ਹੋ ਗਈ ਹੈ। ਅੰਮ੍ਰਿਤਸਰ ਵਿੱਚ ਸਭ ਤੋਂ ਵੱਧ 31 ਮੌਤਾਂ ਹੋਈਆਂ ਹਨ, ਜਲੰਧਰ ਅਤੇ ਲੁਧਿਆਣਾ ਵਿੱਚ 17-17 ਲੋਕਾਂ ਦੀ ਮੌਤ ਹੋ ਚੁੱਕੀ ਹੈ। ਅੱਜ ਪੰਜਾਬ ਵਿੱਚ ਕੋਰੋਨਾ ਦੇ 248 ਨਵੇਂ ਕੇਸ ਪਤਾ ਲੱਗੇ ਹਨ। ਇਨ੍ਹਾਂ ਵਿੱਚ ਸੰਗਰੂਰ ਵਿੱਚ ਸਭ ਤੋਂ ਵੱਧ 62, ਜਲੰਧਰ ਵਿੱਚ 37, ਲੁਧਿਆਣਾ ਵਿੱਚ 34, ਅੰਮ੍ਰਿਤਸਰ ਵਿੱਚ 23, ਬਠਿੰਡਾ ਅਤੇ ਪਟਿਆਲਾ ਵਿੱਚ 20-20 ਕੇਸ ਮਿਲੇ ਹਨ, ਜਿਸ ਨਾਲ ਕੁੱਲ ਕੇਸਾਂ ਦੀ ਗਿਣਤੀ 4611 ਹੋ ਗਈ ਹੈ।

# ਦਿਲਜੀਤ ਦੋਸਾਂਝ ਵੱਲੋਂ ਐੱਮ ਪੀ ਰਵਨੀਤ ਬਿੱਟੂ ਨੂੰ ਜਵਾਬ: ਮੇਰਾ ਗਾਣਾ ਤਾਂ ਛੇ ਸਾਲ ਪੁਰਾਣੈ

### * ਜੈਜੀ ਬੀ ਦੇ ਬਾਰੇ ਵੀ ਵਿਵਾਦ ਵਧਿਆ



ਲੁਧਿਆਣਾ, 23 ਜੂਨ, (ਪੋਸਟ ਬਿਊਰੋ)- ਪੰਜਾਬੀ ਗਾਣਿਆਂ ਵਿੱਚ ਹਥਿਆਰਾਂ ਦੀ ਵਰਤੋਂ ਲਈ ਉਕਸਾਉਣ ਦੀ ਬਹਿਸ ਦੌਰਾਨ ਪ੍ਰਸਿੱਧ ਪੰਜਾਬੀ ਗਾਇਕ ਤੇ ਅਭਿਨੇਤਾ ਦਿਲਜੀਤ ਦੋਸਾਂਝ ਤੇ ਗਾਇਕ ਜੈਜੀ ਬੀ ਦੇ ਦੋ ਗਾਣਿਆਂ ਦਾ ਵਿਵਾਦ ਭਖ ਗਿਆ ਹੈ। ਲੁਧਿਆਣਾ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਦਾ ਦੋਸ਼ ਹੈ ਕਿ ਦੋਸਾਂਝ ਦੇ ਇੱਕ ਗਾਣੇ 'ਰੰਗਰੂਟ' ਅਤੇ ਜੈਜੀ ਬੀ ਦੇ ਗਾਣਿਆਂ ਵਿੱਚ ਨੌਜਵਾਨਾਂ ਨੂੰ ਹਥਿਆਰ ਚੁੱਕਣ ਨੂੰ ਉਕਸਾਇਆ ਜਾਂਦਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਇਕ ਵੀਡੀਓ ਪਾ ਕੇ ਇਸ ਬਾਰੇ ਸਵਾਲ ਉਠਾਏ ਹਨ। ਇਸ ਦੇ ਜਵਾਬ ਵਿੱਚ ਦਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ ਉੱਤੇ ਹੀ ਰਵਨੀਤ ਸਿੰਘ ਬਿੱਟੂ ਨੂੰ ਜਵਾਬ ਦਿੱਤਾ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੇ ਦਿਲਜੀਤ ਦੋਸਾਂਝ ਅਤੇ ਜੈਜੀ ਬੀ ਬਾਰੇ ਕਿਹਾ ਸੀ ਕਿ ਅਜੇ ਉਹ ਕੋਰੋਨਾ ਵਾਇਰਸ ਕਾਰਨ ਵਿਦੇਸ਼ ਵਿੱਚ ਹਨ, ਪਰ ਹਾਲਾਤ ਠੀਕ ਹੋਏ ਤੋਂ ਪੰਜਾਬ ਵੀ ਆਉਣਗੇ। ਉਹ ਖੁਦ ਕੈਨੇਡਾ ਵਿੱਚ ਬੈਠੇ ਹਨ ਤੇ ਨੌਜਵਾਨਾਂ ਨੂੰ 1984 ਨਾਲ ਜੋੜਨ ਵਾਲੇ ਗੀਤ ਗਾ ਰਹੇ ਹਨ। ਅਸੀਂ ਵੀ ਉਸ ਘਟਨਾ ਤੋਂ ਦੁਖੀ ਹਾਂ, ਇਸ ਲਈ ਕੋਈ ਵੀ ਕਿਸੇ ਨੂੰ ਮਾਫ ਨਹੀਂ ਕਰੇਗਾ। ਉਨ੍ਹਾ ਕਿਹਾ ਕਿ ਖ਼ਾਲਿਸਤਾਨ ਦੀ ਹਮਾਇਤ ਕਰਨ ਵਾਲੇ ਸੰਗਠਨ ਸਿੱਖਸ ਫਾਰ ਜਸਟਿਸ ਦਾ ਮੁਖੀ ਗੁਰਪਤਵੰਤ ਸਿੰਘ ਪੰਨੂੰ ਭਾਰਤ ਦੇ ਫੌਜੀਆਂ ਦੀ ਸ਼ਹਾਦਤ ਦਾ ਅਪਮਾਨ ਕਰਦਾ ਤੇ ਦੇਸ਼ ਵਿਰੋਧੀ ਤਾਕਤਾਂ ਨੂੰ ਹਵਾ ਦੇ ਕੇ ਮਾਹੌਲ ਵਿਗਾੜ ਰਿਹਾ ਹੈ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਗਾਇਕ ਦਿਲਜੀਤ ਦੋਸਾਂਝ, ਜੈਜੀ ਬੀ ਵਰਗੇ ਲੋਕ ਇਸ ਸੰਗਠਨ ਦੀ ਖੁੱਲ੍ਹ ਕੇ ਹਮਾਇਤ ਕਰ ਰਹੇ ਹਨ। ਇਹ ਉਹ ਹੀ ਸੰਗਠਨ ਹੈ, ਜੋ ਖ਼ਾਲਿਸਤਾਨ ਬਣਾਉਣ ਦੀ ਗੱਲ ਕਰਦਾ ਹੈ। ਇਨ੍ਹਾਂ ਸਾਰਿਆਂ ਖ਼ਿਲਾਫ਼ ਕੇਸ ਦਰਜ ਹੋਣਾ ਚਾਹੀਦਾ ਹੈ।

ਇਸ ਦੇ ਬਾਅਦ ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ ਉੱਤੇ ਆ ਕੇ ਕਿਹਾ, "ਮੈਂ ਕਾਂਗਰਸ ਪਾਰਲੀਮੈਂਟ ਮੈਂਬਰ ਦੀ ਗਲਤ ਫਹਿਮੀ ਦੂਰ ਕਰਨਾ ਚਾਹੁੰਦਾ ਹਾਂ। ਇਹ ਗਾਣਾ ਮੈਂ ਫਿਲਮ 'ਪੰਜਾਬ-1984' ਵਿੱਚ ਗਾਇਆ ਸੀ। ਇਹ ਨਵਾਂ ਗਾਣਾ ਨਹੀਂ। ਫਿਲਮ 2014 ਵਿੱਚ ਰਿਲੀਜ਼ ਹੋਈ ਤੇ ਭਾਰਤ ਸਰਕਾਰ ਦੇ ਸੈਂਸਰ ਬੋਰਡ ਨੇ ਪਾਸ ਕੀਤੀ ਸੀ ਤੇ ਪਾਸ ਹੋਣ ਪਿੱਛੋਂ ਥੀਏਟਰ ਵਿੱਚ ਤੇ ਕਈ ਪੰਜਾਬੀ ਚੈਨਲਾਂ ਉੱਤੇ ਚੱਲੀ ਸੀ। ਇਸ ਫਿਲਮ ਨੂੰ ਨੈਸ਼ਨਲ ਐਵਾਰਡ ਮਿਲਿਆ ਹੈ। ਪਾਰਲੀਮੈਂਟ ਮੈਂਬਰ ਕਹਿੰਦੇ ਹਨ ਕਿ ਮੇਰੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ, ਗਾਣਾ ਸੈਂਸਰ ਬੋਰਡ ਤੋਂ ਪਾਸ ਹੈ ਤਾਂ ਕੇਸ ਕਿਵੇਂ ਹੋ ਸਕਦਾ ਹੈ। ਮੈਂ ਭਾਰਤ ਦਾ ਨਾਗਰਿਕ ਹਾਂ ਤੇ ਟੈਕਸ ਦਿੰਦਾ ਹਾਂ। ਹਮੇਸ਼ਾ ਦੇਸ਼ ਦੇ ਨਾਲ ਖੜ੍ਹਾ ਹੋਇਆ ਹਾਂ ਤੇ ਅੱਗੇ ਵੀ ਖੜੋਵਾਂਗਾ।

ਇਸ ਦੌਰਾਨ ਮਹਾਰਾਣਾ ਰਾਜਪੂਤ ਸਭਾ ਦੇ ਮੁਖੀ ਤੇ ਜ਼ਿਲ੍ਹਾ ਲੁਧਿਆਣਾ ਕਾਂਗਰਸ ਦੇ ਸਾਬਕਾ ਪ੍ਰਧਾਨ ਡਿੰਪਲ ਰਾਣਾ ਨੇ ਦਿਲਜੀਤ ਦੋਸਾਂਝ ਅਤੇ ਜੈਜੀ ਬੀ ਦੇ ਖ਼ਿਲਾਫ਼ ਲੁਧਿਆਣਾ ਦੇ ਥਾਣਾ ਸਲੇਮ ਟਾਬਰੀ ਵਿੱਚ ਸ਼ਿਕਾਇਤ ਦਰਜ ਕਰਾਈ ਹੈ ਅਤੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਅਜਿਹੇ ਗੀਤਾਂ ਉੱਤੇ ਪਾਬੰਦੀ ਦੀ ਮੰਗ ਕੀਤੀ ਹੈ।

# ਭਾਰਤ ਵੱਲੋਂ ਪਾਕਿਸਤਾਨੀ ਹਾਈ ਕਮਿਸ਼ਨ ਦੇ 50 ਫੀਸਦੀ ਸਟਾਫ ਦੀ ਕਟੌਤੀ

### * ਪਾਕਿ ਵਿੱਚ ਭਾਰਤੀ ਹਾਈ ਕਮਿਸ਼ਨ ਦਾ ਸਟਾਫ ਵੀ ਅੱਧਾ ਹੋਵੇਗਾ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਅੱਜ ਮੰਗਲਵਾਰ ਨੂੰ ਆਪਣੇ ਦੇਸ਼ ਵਿੱਚ ਪਾਕਿਸਤਾਨ ਦੇ ਹਾਈ ਕਮਿਸ਼ਨ ਵਿੱਚ ਸਟਾਫ ਦੀ ਗਿਣਤੀ ਅਗਲੇ 7 ਦਿਨਾਂ ਵਿੱਚ ਅੱਧੀ ਕਰਨ ਨੂੰ ਕਿਹਾ ਤੇ ਇਸਲਾਮਾਬਾਦ ਵਿੱਚ ਭਾਰਤੀ ਹਾਈ ਕਮਿਸ਼ਨ ਵਿੱਚ ਵੀ ਏਸੇ ਤਰ੍ਹਾਂ ਆਪਣਾ ਸਟਾਫ ਅੱਧਾ ਕਰਨ ਦਾ ਐਲਾਨ ਕੀਤਾ ਹੈ।

ਇਸ ਸੰਬੰਧ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲਾ ਨੇ ਕਿਹਾ ਹੈ ਕਿ ਪਾਕਿਸਤਾਨੀ ਡਿਪਟੀ ਹਾਈ ਕਮਿਸ਼ਨਰ ਨੂੰ ਸੱਦ ਕੇ ਇਸ ਫੈਸਲੇ ਬਾਰੇ ਦੱਸ ਦਿੱਤਾ ਗਿਆ ਹੈ। ਮੰਤਰਾਲਾ ਨੇ ਕਿਹਾ ਕਿ ਇਸ ਫੈਸਲੇ ਦਾ ਕਾਰਨ ਜਾਸੂਸੀ ਸਰਗਰਮੀਆਂ ਵਿੱਚ ਪਾਕਿਸਤਾਨੀ ਅਧਿਕਾਰੀਆਂ ਦਾ ਸ਼ਾਮਲ ਹੋਣਾ ਅਤੇ ਅੱਤਵਾਦੀ ਸੰਗਠਨਾਂ ਨਾਲ ਸੰਬੰਧ ਰੱਖਣਾ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰਾਲਾ ਨੇ ਪਿਛਲੇ ਦਿਨੀਂ ਇਸਲਾਮਾਬਾਦ ਵਿੱਚ ਦੋ ਭਾਰਤੀ ਅਧਿਕਾਰੀਆਂ ਨੂੰ ਅਗਵਾ ਕਰਨ ਅਤੇ ਉਨ੍ਹਾਂ ਨਾਲ ਕੀਤੇ ਗਏ ਵਹਿਸ਼ੀ ਵਿਹਾਰ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ, 'ਪਾਕਿ-ਸਤਾਨ ਤੇ ਇਸ ਦੇ ਅਧਿਕਾਰੀਆਂ ਦਾ ਇਹ ਵਿਹਾਰ ਵੀਆਨਾ ਸਮਝੌਤੇ ਤੇ ਡਿਪਲੋਮੈਟਿਕ ਅਧਿਕਾਰੀਆਂ ਅਤੇ ਦੂਤਾਵਾਸ ਅਧਿਕਾਰੀਆਂ ਨਾਲ ਵਿਹਾਰ ਬਾਰੇ ਦੁਵੱਲੇ ਸਮਝੌਤਿਆਂ ਮੁਤਾਬਕ ਨਹੀਂ ਸੀ। ਇਹ ਪਾਕਿ-ਸਤਾਨ ਦੀ ਸਰਹੱਦਾਂ ਤੋਂ ਪਾਰ (ਭਾਰਤ ਵਿੱਚ) ਹਿੰਸਾ ਅਤੇ ਅੱਤਵਾਦ ਦਾ ਸਮਰਥਨ ਕਰਨ ਦੀ ਵੱਡੀ ਨੀਤੀ ਦਾ ਕੁਦਰਤੀ ਹਿੱਸਾ ਹੈ।' ਮੰਤਰਾਲਾ ਨੇ ਕਿਹਾ ਕਿ ਇਸ ਲਈ ਭਾਰਤ ਸਰਕਾਰ ਨੇ ਨਵੀਂ ਦਿੱਲੀ ਵਿਚਲੇ ਪਾਕਿਸਤਾਨੀ ਹਾਈ ਕਮਿਸ਼ਨ ਵਿੱਚ ਮੁਲਾਜ਼ਮਾਂ ਦੀ ਗਿਣਤੀ 50 ਫ਼ੀਸਦੀ ਘਟਾਉਣ ਦਾ ਫੈਸਲਾ ਲਿਆ ਤੇ ਇਸ ਦੇ ਬਦਲੇ ਇਸਲਾਮਾਬਾਦ ਵਿੱਚ ਭਾਰਤ ਵੀ ਆਪਣੇ ਸਟਾਫ ਦੀ ਗਿਣਤ ਘਟਾ ਦਿੱਤੀ ਜਾਵੇਗੀ।


**Paramjit Deol** Broker

**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca




"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misisissauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019


# ਸਿੱਖਸ ਫਾਰ ਜਸਟਿਸ ਨਾਲ ਜੁੜੇ ਪ੍ਰਗਟ ਸਿੰਘ ਨੂੰ ਜਾਂਚ ਏਜੰਸੀ ਐਨ ਆਈ ਏ ਨੇ ਫੜਿਆ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਭਾਰਤ ਦੀ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਰਿਫਰੈਂਡਮ 2020 ਦਾ ਪ੍ਰਚਾਰ ਕਰਨ ਵਾਲੇ ਸਿੱਖਸ ਫਾਰ ਜਸਟਿਸ ਨਾਲ ਸੰਬੰਧਤ ਪ੍ਰਗਟ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਐਨ ਆਈ ਏ ਨੇ ਦੱਸਿਆ ਹੈ ਕਿ ਪ੍ਰਗਟ ਸਿੰਘ ਸਿਖਸ ਫਾਰ ਜਸਟਿਸ (ਐਸ ਐਫ ਜੇ) ਲਈ ਕੰਮ ਕਰਦਾ ਹੈ ਅਤੇ ਉਸ ਉੱਤੇ ਵਿਸ਼ਵ ਭਰ ਵਿਚ ਇਸ ਸੰਗਠਨ ਦੇ ਲਈ ਭਰਤੀ ਕਰਨ ਅਤੇ ਸਾਜਿਸ਼ ਰਚਣ ਦਾ ਦੋਸ਼ ਹੈ।

ਵਰਣਣ ਯੋਗ ਹੈ ਕਿ ਐਸ ਐਫ ਜੇ ਉੱਤੇ ਭਾਰਤ ਵਿਚ ਪਾਬੰਦੀ ਲੱਗੀ ਹੋਈ ਹੈ। ਪਰਗਟ ਸਿੰਘ ਦੀ ਗ੍ਰਿਫਤਾਰੀ ਦੇ ਇਕ ਦਿਨ ਬਾਅਦ ਅੱਜ ਮੰਗਲਵਾਰ ਨੂੰ ਅੱਤਵਾਦ ਰੋਕੂ ਏਜੰਸੀ ਐੱਨ ਆਈ ਏ ਨੇ ਵਿਸ਼ੇਸ਼ ਐਨ ਆਈ ਏ ਅਦਾਲਤ ਵਿਚ ਉਸ ਦੀ ਪੇਸ਼ੀ ਦੇ ਬਾਅਦ 29 ਜੂਨ ਤੱਕ ਰਿਮਾਂਡ ਲੈ ਲਿਆ ਹੈ। ਏਜੰਸੀ ਨੇ ਕਿਹਾ ਹੈ ਕਿ ਪ੍ਰਗਟ ਸਿੰਘ ਇਸ ਗਰੁੱਪ ਦੀਆਂ ਸਰਗਰਮੀ ਲਈ ਵਿਦੇਸ਼ਾਂ ਵਿਚਲੇ ਪਾਕਿਸਤਾਨ ਪੱਖੀ ਹੈਂਡਲਰਾਂ ਦੇ ਨਿਰਦੇਸ਼ਾਂ ਉੱਤੇ ਕੰਮ ਕਰ ਰਿਹਾ ਸੀ।

ਪੰਜਾਬ ਦੇ ਮੁਕਤਸਰ ਸਾਹਿਬ ਜ਼ਿਲ੍ਹਾ ਦੇ ਪਰਗਟ ਸਿੰਘ ਨੂੰ ਸਾਲ 2017-18 ਵਿਚ ਵੀ ਪੰਜਾਬ ਵਿਚ ਅੱਗ ਲਾਉਣ ਸਣੇ ਕਈ ਹਿੰਸਕ ਘਟਨਾਵਾਂ ਦੇ ਕੇਸ ਵਿਚ ਫੜਿਆ ਗਿਆ ਸੀ। ਸਿੱਖਸ ਫਾਰ ਜਸਟਿਸ ਦੀਆਂ ਸਰਗਰਮੀਆਂ ਲਈ ਏਥੇ ਦਿੱਲੀ ਤੇ ਪੰਜਾਬ ਵਿੱਚ ਕਈ ਥਾਂਈਂ ਪੋਸਟਰ ਚਿਪਕਾਏ ਗਏ ਸਨ ਅਤੇ ਵਿਦੇਸ਼ਾਂ ਵਿਚ ਐਸ ਐਫ ਜੇ ਵੱਲੋਂ ਜਿਨ੍ਹਾਂ ਲੋਕਾਂ ਤੋਂ ਇਹ ਕੰਮ ਕਰਾਏ ਗਏ, ਪਰਗਟ ਸਿੰਘ ਦਾ ਨਾਂਅ ਉਨ੍ਹਾ ਵਿਚ ਹੈ। ਇਸ ਦਾ ਅਸਲ ਕੇਸ ਸੁਲਤਾਨਵਿੰਡ ਥਾਣਾ ਅੰਮ੍ਰਿਤਸਰ ਵਿਚ 19 ਅਕਤੂਬਰ 2018 ਨੂੰ ਦਰਜ ਹੋਇਆ ਸੀ। ਪੰਜਾਬ ਪੁਲਿਸ ਨੇ ਮਾਰਚ 2019 ਵਿਚ ਇਸ ਕੇਸ ਵਿਚ ਗ੍ਰਿਫਤਾਰ ਕੀਤੇ 11 ਜਣਿਆਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ, ਪਰ ਐਨ ਆਈ ਏ ਵੱਲੋਂ ਬੀਤੀ 5 ਅਪਰੈਲ ਨੂੰ ਇਸ ਬਾਰੇ ਇਕ ਕੇਸ ਦੁਬਾਰਾ ਦਰਜ ਕੀਤਾ ਗਿਆ ਸੀ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration




We do appeal for Refusal cases also
**Sponsor Your Family**
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਅਮਰੀਕਾ ਵੱਲੋਂ ਏਅਰ ਇੰਡੀਆ ਦੀਆਂ ਚਾਰਟਰਡ ਉਡਾਣਾਂ ਉੱਤੇ ਰੋਕ ਦਾ ਫੈਸਲਾ

## * ਅਮਰੀਕੀ ਜਹਾਜ਼ਾਂ ਨੂੰ ਆਗਿਆ ਨਾ ਦੇਣ ਦਾ ਦੋਸ਼ ਲਾਇਆ



ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਅਮਰੀਕੀ ਏਅਰ ਲਾਈਨਜ਼ ਨੂੰ ਭਾਰਤ ਲਈ ਚਾਰਟਰਡ ਉਡਾਣਾਂ ਭੇਜਣ ਦੀ ਖੁੱਲ੍ਹ ਨਾ ਮਿਲਣ ਉੱਤੇ ਅੱਜ ਅਮਰੀਕਾ ਦੇ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਨੇ ਏਅਰ ਇੰਡੀਆ ਦੀਆਂ ਚਾਰਟਰਡ ਉਡਾਣਾਂ ਉੱਤੇ 22 ਜੁਲਾਈ ਤੋਂ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਭਾਰਤ ਅਮਰੀਕਾ, ਬ੍ਰਿਟੇਨ, ਫਰਾਂਸ ਤੇ ਜਰਮਨੀ ਵੱਲ ਸਿੱਧੀਆਂ ਤੇ ਸੁਰੱਖਿਅਤ ਉਡਾਣਾਂ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਦੇ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ (ਡੀ ਓ ਟੀ) ਨੇ ਇਸ ਸੋਮਵਾਰ ਨੂੰ ਜਾਰੀ ਕੀਤੇ ਇੱਕ ਆਦੇਸ਼ ਵਿੱਚ ਕਿਹਾ ਹੈ ਕਿ ਭਾਰਤ ਸਰਕਾਰ ਪਾਬੰਦੀ ਵਾਲਾ ਅਤੇ ਪੱਖਪਾਤੀ ਰੁਖ਼ ਵਰਤ ਕੇ ਅਮਰੀਕੀ ਏਅਰਲਾਈਨਜ਼ ਦੇ ਅਧਿਕਾਰ ਖੋਹ ਰਹੀ ਹੈ। ਡੀ ਓ ਟੀ ਨੇ ਕਿਹਾ ਕਿ ਭਾਰਤ ਸਰਕਾਰ ਖਾਸ ਤੌਰ ਉੱਤੇ ਅਮਰੀਕਾ ਦੀਆਂ ਏਅਰਲਾਈਨਜ਼ ਉੱਤੇ ਪਾਬੰਦੀ ਲਾ ਰਹੀ ਹੈ, ਜਦ ਕਿ ਅਮਰੀਕਾ ਨੇ ਏਦਾਂ ਦੀ ਪਾਬੰਦੀ ਨਹੀਂ ਲਾਈ ਤੇ ਸਮਝੌਤੇ ਅਨੁਸਾਰ ਏਅਰ ਇੰਡੀਆ ਨੂੰ ਉਡਾਣਾਂ ਦੀ ਪੂਰੀ ਛੋਟ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਕੋਰੋਨਾ ਵਾਇਰਸ ਕਾਰਨ 25 ਮਾਰਚ ਤੋਂ ਸਭ ਕੌਮਾਂਤਰੀ ਉਡਾਣਾਂ ਉੱਤੇ ਪਾਬੰਦੀ ਲਾਈ ਹੋਈ ਹੈ ਅਤੇ ਭਾਰਤ ਵਿੱਚ ਫਸੇ ਯਾਤਰੀਆਂ ਨੂੰ ਕੱਢਣ ਲਈ ਏਅਰ ਇੰਡੀਆ ਨੇ 6 ਮਈ ਤੋਂ ਸ਼ੁਰੂ ਕੀਤੀ 'ਵੰਦੇ ਭਾਰਤ' ਮੁਹਿੰਮ ਹੇਠ ਉਡਾਣਾਂ ਚਲਾਈਆਂ ਹਨ। ਇਸ ਦੌਰਾਨ ਏਅਰ ਇੰਡੀਆ ਨੇ 18 ਮਈ ਤੋਂ ਭਾਰਤ-ਅਮਰੀਕਾ ਵਿਚਾਲੇ ਚਾਰਟਰਡ ਉਡਾਣਾਂ ਚਲਾਈਆਂ ਹਨ, ਜਿਸ ਵਿੱਚ ਆਉਣ-ਜਾਣ ਦੋਵੇਂ ਪਾਸਿਆਂ ਲਈ ਟਿਕਟਾਂ ਵੇਚੀਆਂ ਗਈਆਂ ਹਨ। ਇਹ ਟਿਕਟਾਂ ਏਅਰ ਇੰਡੀਆ ਦੀ ਵੈੱਬਸਾਈਟ ਤੋਂ ਵੇਚੀਆਂ ਸਨ, ਪਰ ਟਿਕਟ ਲੈਣ ਤੋਂ ਪਹਿਲਾਂ ਅਮਰੀਕਾ ਵਿਚਲੇ ਭਾਰਤੀ ਦੂਤਘਰ ਨਾਲ ਸੰਪਰਕ ਕਰਨ ਲਈ ਕਿਹਾ ਜਾਂਦਾ ਸੀ।

ਅਮਰੀਕਾ ਵੱਲੋਂ ਏਅਰ ਇੰਡੀਆ ਉੱਤੇ ਡੀ ਓ ਟੀ ਦੀ ਪਾਬੰਦੀ ਲੱਗਣ ਦੇ ਬਾਅਦ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਹੈ ਕਿ ਅਸੀਂ ਅਮਰੀਕਾ, ਬ੍ਰਿਟੇਨ, ਜਰਮਨੀ ਤੇ ਫਰਾਂਸ ਵਿਚਾਲੇ ਸੁਰੱਖਿਅਤ ਤੇ ਸਿੱਧੀ ਉਡਾਣ (ਬਬਲ) ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੇ ਹਾਂ। ਇਨ੍ਹਾਂ ਦੇਸ਼ਾਂ ਲਈ ਯਾਤਰੀਆਂ ਦੀ ਗਿਣਤੀ ਵਿੱਚ ਕਮੀ ਨਹੀਂ ਆਈ। ਅਮਰੀਕਾ ਸਮੇਤ ਕਈ ਦੇਸ਼ਾਂ ਨੇ ਭਾਰਤ ਤੋਂ ਆਪਣੀਆਂ ਏਅਰ ਲਾਈਨਾਂ ਲਈ ਉਡਾਣਾਂ ਸ਼ੁਰੂ ਕਰਨ ਦੀ ਆਗਿਆ ਮੰਗੀ ਹੈ ਅਤੇ ਅਸੀਂ ਉਨ੍ਹਾਂ ਦੀ ਅਪੀਲ ਉੱਤੇ ਵੀ ਵਿਚਾਰ ਕਰ ਰਹੇ ਹਾਂ। ਇਸ ਬਾਰੇ ਛੇਤੀ ਹੀ ਗੱਲਬਾਤ ਸ਼ੁਰੂ ਹੋਵੇਗੀ।



REQUEST FOR PROPOSAL (RFP)

PEEL DISTRICT SCHOOL BOARD
5650 Hurontario Street
Mississauga, Ontario, L5R 1C6

RFPMC20-4494

For the Services of an Integrity Commissioner

**CLOSING DATE:** Monday, July 6, 2020 @ 3:00 p.m.

This RFP is now available for electronic download from the Bonfire portal at

https://peelsb.bonfirehub.ca/

and from the Biddingo portal at

www.biddingo.com

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org

# ਟਰੰਪ ਨੇ ਬੁੱਤ ਤੋੜਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਹੁਕਮ ਚਾੜ੍ਹਿਆ



ਵਾਸ਼ਿੰਗਟਨ, 23 ਜੂਨ, (ਪੋਸਟ ਬਿਊਰੋ)- ਅੱਜ ਮੰਗਲਵਾਰ ਅਮਰੀਕੀ ਪਾਰਲੀਮੈਂਟ ਵਿੱਚ ਰਾਸ਼ਟਰਪਤੀ ਡੋਨ-ਾਲਡ ਟਰੰਪ ਅਤੇ ਉਨ੍ਹਾਂ ਦੇ ਸਾਥੀਆਂ ਨੇ ਨਸਲਵਾਦ ਦਾ ਦੋਸ਼ ਲਾ ਕੇ ਬੁੱਤ ਤੇ ਯਾਦਗਾਰ ਤੋੜਨ ਦੀ ਆਲੋਚਨਾ ਕੀਤੀ। ਇਸ ਤੋਂ ਪਹਿਲਾਂ ਟਰੰਪ ਨੇ ਵੈਟਰਨਜ਼ ਮੈਮੋਰੀਅਲ ਐਕਟ ਦਾ ਹਵਾਲਾ ਦਿੰਦੇ ਹੋਏ ਹਥਿਆਰਬੰਦ ਸੇਵਾਵਾਂ ਦੇ ਸਾਬਕਾ ਮੈਂਬਰਾਂ ਦੇ ਬੁੱਤਾਂ ਅਤੇ ਯਾਦਗਾਰਾਂ ਨੂੰ ਤੋੜਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦਾ ਆਦੇਸ਼ ਦਿੱਤਾ ਹੈ।

ਵਰਨਣ ਯੋਗ ਹੈ ਕਿ ਸੋਮਵਾਰ ਦੇਰ ਰਾਤ ਰਾਸ਼ਟਰਪਤੀ ਟਰੰਪ ਨੇ ਪ੍ਰਦਰਸ਼ਨਕਾਰੀਆਂ ਨੂੰ ਓਦੋਂ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ ਸੀ, ਜਦੋਂ ਕੁਝ ਲੋਕਾਂ ਨੇ ਵ੍ਹਾਈਟ ਹਾਊਸ ਨੇੜੇ ਲੱਗੇ ਸਾਬਕਾ ਰਾਸ਼ਟਰਪਤੀ ਐਂਡਰਿਊ ਜੈਕਸਨ ਦੇ ਬੁੱਤ ਨੂੰ ਡੇਗਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਜੈਕਸਨ ਉੱਤੇ ਬਾਗਾਂ ਦੇ ਮਾਲਕ ਵਜੋਂ ਗੈਰ ਗੋਰੇ ਲੋਕਾਂ ਨੂੰ ਗ਼ੁਲਾਮ ਬਣਾਉਣ ਤੇ ਉੱਤਰੀ ਅਮਰੀਕਾ ਦੇ ਮੂਲ ਵਾਸੀਆਂ ਨੂੰ ਜਬਰੀ ਹਟਾਉਣ ਦਾ ਦੋਸ਼ ਹੈ। ਇਸ ਕਾਰਨ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਸੀ। ਪਾਰਲੀਮੈਂਟ ਦੇ ਹੇਠਲੇ ਸਦਨ, ਪ੍ਰਤੀਨਿਧ ਸਭਾ, ਵਿਚ ਰਿਪ-ਬਲਿਕਨ ਪਾਰਟੀ ਦੇ ਮੈਂਬਰ ਕੇਵਿਨ ਮੈਕਾਰਥੀ ਨੇ ਟਵੀਟ ਕਰ ਕੇ ਕਿਹਾ ਕਿ ਬੁੱਤ ਡੇਗਣ ਨੂੰ ਨਾ ਕੇਵਲ ਰੋਕਣਾ ਚਾਹੀਦਾ ਹੈ, ਸਗੋਂ ਇਸ ਦੇ ਦੋਸ਼ੀਆਂ ਉੱਤੇ ਕੇਸ ਚਲਾਉਣਾ ਚਾਹੀਦਾ ਹੈ। ਦੂਸਰੇ ਪਾਸੇ ਡੈਮੋਕ੍ਰੇਟਿਕ ਪਾਰਟੀ ਨਾਲ ਜੁੜੇ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਬੁੱਤ ਗ਼ਲਤ ਤਰੀਕੇ ਨਾਲ ਉਨ੍ਹਾਂ ਲੋਕਾਂ ਦਾ ਸਨਮਾਨ ਕਰਦੇ ਹਨ, ਜਿਨ੍ਹਾਂ ਨੇ ਗੁਲਾਮੀ ਨੂੰ ਉਤਸ਼ਾਹਤ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਵ੍ਹਾਈਟ ਹਾਊਸ ਤੋਂ ਸੇਂਟ ਜੋਹਨ ਚਰਚ ਵੱਲ ਜਾਂਦੀ ਸੜਕ ਨੂੰ 'ਬਲੈਕ ਹਾਊਸ ਆਟੋਨੋਮੋਸ ਜ਼ੋਨ' ਐਲਾਨ ਕਰ ਦਿੱਤਾ ਹੈ।

# 94 ਸਾਲਾ ਔਰਤ ਚਾਲੀ ਸਾਲ ਬਾਅਦ ਫਿਰ ਤੋਂ ਆਪਣੇ ਪਰਵਾਰ ਨੂੰ ਮਿਲੀ

ਭੋਪਾਲ, 23 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਤੋਂ ਕਰੀਬ ਚਾਰ ਦਹਾਕੇ ਪਹਿਲਾਂ ਲਾਪਤਾ ਹੋਈ 94 ਸਾਲਾ ਔਰਤ ਇੰਟਰਨੈੱਟ ਦੀ ਮਦਦ ਨਾਲ ਫਿਰ ਆਪਣੇ ਪਰਵਾਰ ਨੂੰ ਮਿਲੀ ਹੈ। ਜਦ ਪੰਚੂਬਾਈ ਨਾਂਅ ਦੀ ਇਹ ਔਰਤ ਤਿੰਨ ਦਿਨ ਪਹਿਲਾਂ ਨਾਗ-ਪੁਰ ਵਿੱਚ ਆਪਣੇ ਪੋਤਰੇ ਦੇ ਘਰ ਪਹੁੰਚੀ, ਉਹ ਆਪਣੇ ਬੇਟੇ ਨੂੰ ਨਹੀਂ ਮਿਲ ਸਕੀ, ਕਿਉਂਕਿ ਤਿੰਨ ਸਾਲ ਪਹਿਲਾਂ ਉਸ ਦੇ ਬੇਟੇ ਦੀ ਮੌਤ ਹੋ ਚੁੱਕੀ ਹੈ। ਇਸ ਔਰਤ ਨੂੰ ਸਾਲ 1979-80 ਵਿੱਚ ਇੱਕ ਟਰੱਕ ਚਾਲਕ ਨੇ ਮੱਧ ਪ੍ਰਧੇਸ਼ ਦੇ ਦਮੋਹ ਜ਼ਿਲੇ ਦੀ ਸੜਕ 'ਤੇ ਤਰਸ ਯੋਗ ਹਾਲਤ ਵਿੱਚ ਪੈਦਲ ਤੁਰਦੇ ਹੋਏ ਦੇਖਿਆ ਸੀ ਅਤੇ ਉਹ ਕਿੱਥੋਂ ਦੀ ਰਹਿਣ ਵਾਲੀ ਹੈ, ਇਸ ਦਾ ਸੁਰਾਗ ਨਹੀਂ ਮਿਲ ਸਕਿਆ ਸੀ।

ਟਰੱਕ ਚਾਲਕ ਇਸਰਾਰ ਖਾਨ ਨੇ ਦੱਸਿਆ ਕਿ ਜਦ ਉਹ ਮਿਲੀ ਤਾਂ ਉਸ ਨੂੰ ਮਧੂਮੱਖੀਆਂ ਨੇ ਬੁਰੀ ਤਰ੍ਹਾਂ ਕੱਟਿਆ ਹੋਇਆ ਸੀ ਅਤੇ ਉਹ ਸਾਫ-ਸਾਫ ਬੋਲ ਵੀ ਨਹੀਂ ਸੀ ਸਕਦੀ। ਉਹ ਮਾਨਸਿਕ ਰੂਪ ਤੋਂ ਪ੍ਰੇਸ਼ਾਨ ਸੀ ਅਤੇ ਮਰਾਠੀ ਵਿੱਚ ਅਸਪੱਸ਼ਟ ਰੂਪ ਤੋਂ ਬੋਲਦੀ ਸੀ, ਜਿਸ ਨੂੰ ਅਸੀਂ ਸਮਝ ਨਹੀਂ ਸਕੇ। ਉਨ੍ਹਾਂ ਤੋਂ ਕਈ ਵਾਰ ਪਰਵਾਰ ਦੇ ਬਾਰੇ ਪੁੱਛਿਆ, ਪਰ ਉਹ ਕੁਝ ਨਹੀਂ ਬੋਲ ਸਕੀ। ਉਨ੍ਹਾਂ ਨੇ ਕਿਹਾ, ਉਹ ਖੰਜਮਾ ਨਗਰ ਦੇ ਬਾਰੇ ਰੋਜ਼ ਕਹਿੰਦੀ ਸੀ। ਗੂਗਲ ਵਿੱਚ ਸਰਚ ਕਰਨ 'ਤੇ ਇਹ ਜਗ੍ਹਾ ਨਹੀਂ ਮਿਲੀ। ਇਸਰਾਰ ਖਾਨ ਨੇ ਦੱਸਿਆ, ਇਸ ਸਾਲ ਚਾਰ ਮਈ ਨੂੰ ਲਾਕਡਾਊਨ ਦੇ ਦੌਰਾਨ ਜਦ ਮੈਂ ਘਰ ਸੀ ਤਾਂ ਅਸੀਂ ਫਿਰ ਉਸ ਦੇ ਘਰ ਬਾਰੇ ਪੁੱਛਿਆ। ਇਸ ਪਿੱਛੋਂ ਅਸੀਂ ਇਸ ਨੂੰ ਗੂਗਲ 'ਤੇ ਲੱਭਿਆ ਅਤੇ ਪਰਸਾਪੁਰ ਵਿੱਚ ਇੱਕ ਦੁਕਾਨਦਾਰ ਅਭਿਸ਼ੇਕ ਨਾਲ ਫੋਨ 'ਤੇ ਸੰਪਰਕ ਕੀਤਾ ਅਤੇ ਇਸ ਔਰਤ ਬਾਰੇ ਦੱਸਿਆ। ਅਭਿਸ਼ੇਕ ਨੇ ਦੱਸਿਆ ਕਿ ਪਰਸਾਪੁਰ ਕਸਬੇ ਦੇ ਨੇੜੇ ਇੱਕ ਪਿੰਡ ਹੈ, ਜਿਸ ਨੂੰ ਖੰਜਮਾ ਨਗਰ ਕਹਿੰਦੇ ਹਨ। ਖਾਨ ਨੇ ਦੱਸਿਆ ਸੱਤ ਮਈ ਨੂੰ ਅਸੀਂ ਦਾ ਵੀਡੀਓ ਵਟਸਐਪ 'ਤੇ ਅਭਿਸ਼ੇਕ ਨੂੰ ਭੇਜਿਆ ਜੋ ਕਿਰਾਰ ਫਿਰਕੇ ਵਿੱਚ ਸ਼ੇਅਰ ਕੀਤਾ ਗਿਆ। ਅੱਧੀ ਰਾਤ ਦੇ ਆਸਪਾਸ ਅਭਿਸ਼ੇਕ ਦਾ ਫੋਨ ਆਇਆ ਅਤੇ ਉਸ ਨੇ ਕਿਹਾ ਕਿ ਇਸ ਔਰਤ ਦੀ ਪਛਾਣ ਉਸ ਦੇ ਰਿਸ਼ਤੇਦਾਰਾਂ ਨੇ ਕਰ ਲਈ ਹੈ।

# ਮਲਟੀਕਲਚਰਲ ਡੇਅ 27 ਜੂਨ ਨੂੰ




ਸੀਨੀਅਰਜ਼ ਸੋਸ਼ਿਲ ਸਰਵਸਿਜ਼ ਗਰੁਪ ਵਲੋਂ ਬੀਤੇ ਕਈ ਸਾਲਾਂ ਤੋਂ ਮਲਟੀਕਲਚਰਲ ਡੇਅ ਮਨਾਇਆ ਜਾਂਦਾ ਰਿਹਾ ਹੈ। ਅਮੂਮਨ ਇਹ ਈਵੈਂਟ ਬਰੈਂਪਟਨ ਸੌਕਰ ਸੈਂਟਰ ਵਿਚ ਹੁੰਦੀ ਰਹੀ ਹੈ। ਭਾਈਚਾਰੇ ਦੇ ਅਗਾਹ ਵਧੂ ਲੋਕ ਇਸਦਾ ਲੁਤਫ ਅਠਾਉਂਦੇ ਰਹੇ ਹਨ। ਇਸ ਸਾਲ ਕਰੋਨਾ ਦੀ ਮਹਾਂਮਾਰੀ ਕਾਰਣ ਸਭ ਤਰ੍ਹਾਂ ਦੀਆਂ ਪਬਲਿਕ ਮੀਟਿੰਗਾ ਅਤੇ ਇਕੱਠ ਬੰਦ ਕੀਤੇ ਜਾ ਚੁਕੇ ਹਨ। ਇਕ ਦੂਸਰੇ ਤੋਂ ਸਰੀਰਕ ਦੂਰੀ ਬਣਾਈ ਰਖਣਾ ਕਨੂੰਨਨ ਲਾਜ਼ਮੀ ਕਰ ਦਿਤਾ ਗਿਆ ਹੈ। ਜਦ ਤਕ ਇਸ ਬੀਮਾਰੀ ਦਾ ਕੋਈ ਇਲਾਜ ਨਹੀਂ ਲਭਦਾ ਪਬਲਿਕ ਗੈਦਰਿੰਗਜ਼ ਤਕਰੀਬਨ ਬੰਦ ਹੀ ਰਹਿਣਗੀਆ। ਪੈਦਾ ਹੋ ਚੁਕੇ ਮਾੜੇ ਹਾਲਾਤਾਂ ਦੇ ਸਨਮੁਖ ਅਜਕਲ ਇਕ ਨਵਾਂ ਤਰੀਕਾ ਲਭ ਲਿਆ ਗਿਆ ਹੈ। ਟੈਲੀਫੋਨ, ਜਾਂ ਵੀਡੀਓ ਫੋਨਾ ਰਾਹੀ ਵਰਚੂਅਲ ਪ੍ਰੋਗਰਾਮ ਕੀਤੇ ਜਾ ਰਹੇ ਹਨ। ਫੇਸਬੁਕ, ਯੂਟਿਊਬ ਜਾਂ ਇੰਟਰਨੈਟ ਰਾਹੀ ਉਪਲਭਤ, ਅਨੇਕਾਂ ਤਰੀਕਿਆ ਨਾਲ ਵਰਚੂਅਲ ਕਾਨਫਰੰਸਾ ਹੋ ਰਹੀਆਂ ਹਨ ਅਤੇ ਈਵੈਂਟਸ ਹੋ ਰਹੇ ਹਨ। ਪ੍ਰੰਪਰਾ ਨੂੰ ਬਰਕਰਾਰ ਰਖਦਿਆ, ਸੇਵਾ ਦਲ ਨੇ ਵੀ ਅਜਿਹਾ ਉਪਰਾਲਾ ਕੀਤਾ ਹੈ। 27 ਜੂਨ 2020 ਦੀ ਸ਼ਾਮ ਨੂੰ 7,30 ਵਜੇ ਸੁਰਸਾਗਰ ਟੀਵੀ ਦੇ ਸਹਿਯੋਗ ਨਾਲ ਤਕਰੀਬਨ 2 ਘੰਟੇ ਦਾ ਪ੍ਰੋਗਰਾਮ ਪੁਰਸਤਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿਚ ਉਚ ਪਾਏ ਦਾ ਗੀਤ ਸੰਗੀਤ ਹੋਵੇਗਾ, ਰਾਜਨੀਤਕਾਂ ਦੇ ਵਿਚਾਰ ਨਸ਼ਰ ਕੀਤੇ ਜਾਣਗੇ ਅਤੇ ਸੀਨੀਅਰ ਅਬਿਊਜ਼ ਉਪਰ ਇਕ ਬੜੀ ਹੀ ਸੰਵੇਦਿਨਸ਼ੀਲ ਡਾਕੂਮੈਟਰੀ ਫਿਲਮ ਦਿਖਾਈ ਜਾਵੇਗੀ। ਸੁਰਸਾਗਰ ਟੀਵੀ: ਆਈ ਪੀ ਟੀਵੀ 896, ਰੌਜਰ ਕੇਬਲ 851, ਬੈਲ ਟੀਵੀ 823, ਕੋਜੀਕੋ ਚੈਨਲ 105 ਜਾਂ ਸੁਰਸਾਗਰ ਟੀਵੀ ਬੌਕਸ ਰਾਹੀ ਵੇਖਿਆ ਜਾ ਸਕਦਾ ਹੈ। ਕਿਸੇ ਹੋਰ ਜਾਣਕਾਰੀ ਲਈ ਫੋਨ ਹੈ 905 794 7882 ਜਾ 416 636 8504

# ਰਾਜ ਸਭਾ ਚੋਣਾਂ: ਬਹੁਤੇ ਥਾਂਈਂ ਭਾਜਪਾ ਦਾ ਦਬਦਬਾ ਰਿਹਾ, ਕੁਝ ਥਾਂਈਂ ਕਾਂਗਰਸੀ ਵੀ ਜਿੱਤੇ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਭਾਰਤ ਦੇ ਕੁਝ ਰਾਜਾਂ ਵਿੱਚ ਹੋਈਆਂ ਰਾਜ ਸਭਾ ਚੋਣਾਂ ਵਿੱਚ ਪਾਰਲੀਮੈਂਟ ਦੇ ਉਤਲੇ ਸਦਨ ਲਈ ਬਹੁਤੇ ਥਾਂਈਂ ਭਾਜਪਾ ਦਾ ਦਬਦਬਾ ਕਾਇਮ ਰਿਹਾ, ਪਰ ਕੁਝ ਥਾਂਈਂ ਕਾਂਗਰਸ ਵਾਲੇ ਜਿੱਤੇ ਹਨ। ਇਸ ਦੇ ਇਲਾਵਾ ਕੁਝ ਥਾਂਈਂ ਖੇਤਰੀ ਪਾਰਟੀਆਂ ਨੇ ਵੀ ਸੀਟਾਂ ਜਿੱਤੀਆਂ ਹਨ।

ਮੱਧ ਪ੍ਰਦੇਸ਼ ਦੀਆਂ ਤਿੰਨ ਰਾਜ ਸਭਾ ਸੀਟਾਂ ਵਿੱਚੋਂ ਇੱਕ ਉੱਤੇ ਕਾਂਗਰਸ ਨੂੰ ਜਿੱਤ ਮਿਲੀ ਅਤੇ ਦੋ ਸੀਟਾਂ ਭਾਜਪਾ ਨੇ ਜਿੱਤ ਲਈਆਂ ਹਨ। ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਜਯੋਤੀਰਾਦਿਤਿਆ ਸਿੰਧਿਆ ਰਾਜ ਸਭਾ ਚੋਣ ਜਿੱਤ ਗਏ ਹਨ ਅਤੇ ਦੂਸਰੀ ਸੀਟ ਭਾਜਪਾ ਨੇਤਾ ਸੁਮੇਰ ਸਿੰਘ ਸੋਲੰਕੀ ਨੇ ਜਿੱਤੀ ਹੈ। ਕਾਂਗਰਸ ਦੇ ਸੀਨੀਅਰ ਆਗੂ ਦਿਗਵਿਜੇ ਸਿੰਘ ਚੁਣੇ ਗਏ ਹਨ। ਦੋਵਾਂ ਪਾਰਟੀਆਂ ਨੇ ਦੋ-ਦੋ ਉਮੀਦਵਾਰ ਖੜੇ ਕੀਤੇ ਸਨ, ਪਰ ਕਾਂਗਰਸ ਦਾ ਇੱਕ ਉਮੀਦਵਾਰ ਹਾਰ ਗਿਆ ਹੈ।

ਰਾਜਸਥਾਨ ਵਿੱਚ ਦੋ ਸੀਟਾਂ ਉੱਤੇ ਕਾਂਗਰਸ ਦੇ ਕੇ ਸੀ ਵੇਣੂਗੋਪਾਲ ਅਤੇ ਨੀਰਜ ਡਾਂਗੀ ਚੁਣੇ ਗਏ ਹਨ ਤੇ ਤੀਸਰੀ ਸੀਟ ਭਾਜਪਾ ਦੇ ਰਾਜਿੰਦਰ ਗਹਿਲੋਤ ਨੇ ਜਿੱਤੀ ਹੈ। ਭਾਜਪਾ ਦਾ ਦੂਸਰਾ ਉਮੀਦਵਾਰ ਹਾਰ ਗਿਆ ਹੈ। ਝਾਰਖੰਡ ਵਿੱਚ ਰਾਜ ਸਭਾ ਦੀ ਇੱਕ ਸੀਟ ਝਾਰਖੰਡ ਮੁਕਤੀ ਮੋਰਚਾ ਅਤੇ ਦੂਸਰੀ ਭਾਜਪਾ ਨੇ ਜਿੱਤੀ ਹੈ, ਕਾਂਗਰਸ ਦਾ ਉਮੀਦਵਾਰ ਹਾਰ ਗਿਆ ਹੈ। ਆਂਧਰਾ ਪ੍ਰਦੇਸ਼ ਤੋਂ ਰਾਜ ਸਭਾ ਦੀਆਂ ਚਾਰੇ ਸੀਟਾਂ ਵਾਈ ਐੱਸ ਆਰ ਕਾਂਗਰਸ ਨੇ ਜਿੱਤ ਲਈਆਂ ਹਨ। ਮੇਘਾਲਿਆ ਤੋਂ ਰਾਜ ਸਭਾ ਦੀ ਇਕਲੌਤੀ ਸੀਟ ਉਸ ਰਾਜ ਦੀ ਖੇਤਰੀ ਪਾਰਟੀ ਨੇ ਅਤੇ ਮਨੀਪੁਰ ਤੋਂ ਇਕਲੌਤੀ ਸੀਟ ਭਾਜਪਾ ਉਮੀਦਵਾਰ ਨੇ ਜਿੱਤ ਲਈ ਹੈ। ਕਰਨਾਟਕ ਵਿੱਚ ਜਨਤਾ ਦਲ ਐੱਸ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ ਤੇ ਕਾਂਗਰਸ ਦੇ ਸੀਨੀਅਰ ਆਗੂ ਮਲਿਕਾਰਜੁਨ ਖੜਗੇ ਚੋਣ ਜਿੱਤ ਗਏ ਹਨ। ਭਾਜਪਾ ਵੱਲੋਂ ਇਰੰਨਾ ਕਡਾਡੀ ਅਤੇ ਅਸ਼ੋਕ ਗਸਤੀ ਨੇ ਚੋਣ ਜਿੱਤੀ ਹੈ। ਗੁਜਰਾਤ ਵਿੱਚ ਭਾਜਪਾ ਨੇ ਤਿੰਨ ਸੀਟਾਂ ਅਤੇ ਕਾਂਗਰਸ ਨੇ ਇੱਕ ਸੀਟ ਜਿੱਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਜਿਨਪਿੰਗ ਦਾ ਤਾਨਾਸ਼ਾਹੀ ਰਵੱਈਆ

-ਬ੍ਰਹਮ ਚੇਲਾਨੀ

ਲੱਦਾਖ 'ਚ ਗਲਵਾਨ ਘਾਟੀ ਦੀ ਘਟਨਾ ਤੋਂ ਇਹ ਸਾਫ ਹੈ ਕਿ ਚੀਨ ਜਦੋਂ ਤੱਕ ਆਪਣੇ ਵਿਸਥਾਰਵਾਦੀ ਏਜੰਡੇ ਦੀ ਕੋਈ ਵੱਡੀ ਕੀਮਤ ਨਹੀਂ ਚੁਕਾਉਂਦਾ, ਉਦੋਂ ਤੱਕ ਉਹ ਆਪਣੇ ਮੌਜੂਦਾ ਰਵੱਈਏ ਨੂੰ ਛੱਡਣ ਵਾਲਾ ਨਹੀਂ। ਆਪਣੇ ਆਪ ਨੂੰ ਮਹਾਸ਼ਕਤੀ ਸਮਝੀ ਬੈਠੇ ਚੀਨ ਨੇ ਲੱਦਾਖ ਦੇ ਉਨ੍ਹਾਂ ਇਲਾਕਿਆਂ 'ਤੇ ਕਬਜ਼ਾ ਕੀਤਾ, ਜੋ ਭਾਰਤ ਦੀ ਸੁਰੱਖਿਆ ਦੇ ਨਜ਼ਰੀਏ ਤੋਂ ਬੇਹੱਦ ਮਹੱਤਵਪੂਰਨ ਮੰਨੇ ਜਾਂਦੇ ਨਹ।

ਅਸਲ 'ਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਉਸ ਦੌਰ 'ਚ ਹਮਲਾਵਰ ਤੇਵਰ ਵਧਾ ਰਿਹਾ ਹੈ, ਜਦੋਂ ਪੂਰੀ ਦੁਨੀਆ ਚੀਨ ਤੋਂ ਨਿਕਲੇ ਕੋਰੋਨਾ ਵਾਇਰਸ ਕਾਰਨ ਫੈਲੀ ਮਹਾਂਮਾਰੀ ਦੇ ਰੂਪ ਵਿੱਚ ਇਸ ਦੌਰ ਦੀ ਸਭ ਤੋਂ ਵੱਡੀ ਆਫਤ ਨਾਲ ਜੂਝ ਰਹੀ ਹੈ। ਚੀਨੀ ਰਾਸ਼ਟਰਪਤੀ ਦੇ ਮਨਸੂਬੇ ਅਪ੍ਰੈਲ 'ਚ ਉਸ ਭਾਸ਼ਣ ਤੋਂ ਸਾਫ ਜ਼ਾਹਿਰ ਹੋਏ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਇਤਿਹਾਸ 'ਚ ਫੈਸਲਾਕੁੰਨ ਕਦਮ ਕਿਸੇ ਵੱਡੇ ਸੰਕਟ ਦੌਰਾਨ ਹੀ ਚੁੱਕੇ ਗਏ ਹਨ। ਸ਼ਾਇਦ ਇਹੋ ਕਾਰਨ ਹੈ ਕਿ ਕੋਰੋਨਾ ਸੰਕਟ ਦੌਰਾਨ ਚੀਨ ਨੇ ਬੜ੍ਹਤ ਬਣਾਉਣ ਦੇ ਮਕਸਦ ਨਾਲ ਕਈ ਮੋਰਚੇ ਖੋਲ੍ਹ ਲਏ ਹਨ। ਹਾਂਗਕਾਂਗ ਤੇ ਤਾਇਵਾਨ ਤੋਂ ਲੈ ਕੇ ਦੱਖਣੀ ਤੇ ਪੂਰਬੀ ਚੀਨ ਸਾਗਰ ਤੇ ਹਿਮਾਲਿਆ ਦੇ ਇਲਾਕੇ ਵਿੱਚ ਭਾਰਤ ਨਾਲ ਭਿੜਨ ਨੂੰ ਲੈ ਕੇ ਉਸ ਦੇ ਰੁਖ਼ ਤੋਂ ਇਹੋ ਦਿਸਦਾ ਹੈ। ਸ਼ੀ ਦੇ ਇਹ ਕਦਮ ਕੋਰੋਨਾ ਵਾਇਰਸ ਨੂੰ ਲੈ ਕੇ ਚੀਨ ਦੀ ਸ਼ੱਕੀ ਭੂਮਿਕਾ ਤੋਂ ਧਿਆਨ ਭਟਕਾਉਣ 'ਚ ਮਦਦਗਾਰ ਹੋ ਰਹੇ ਹਨ। ਹਾਲਾਂਕਿ ਇਨ੍ਹਾਂ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਉਸ ਦਾ ਤਾਨਾਸ਼ਾਹੀ ਸ਼ਾਸਨ ਕਿਵੇਂ ਆਲਮੀ ਸੁਰੱਖਿਆ ਦੇ ਸਾਹਮਣੇ ਖਤਰੇ ਪੈਦਾ ਕਰ ਸਕਦਾ ਹੈ? ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਕਹਿ ਚੁੱਕਿਆ ਹੈ ਕਿ ਚੀਨ ਦਾ ਹਮਲਾਵਰ ਰੁਖ਼ ਦਿਨੋ ਦਿਨ ਵਧਦਾ ਜਾ ਰਿਹਾ ਹੈ। ਜਿਸ ਮਹਾਸ਼ਕਤੀ ਅਮਰੀਕਾ ਦੀ ਮਿਹਰਬਾਨੀ ਨਾਲ ਚੀਨ ਦਾ ਆਰਥਿਕ ਕਾਇਆਪਲਟ ਹੋਇਆ, ਅੱਜ ਸ਼ੀ ਦੀ ਸਰਪ੍ਰਸਤੀ 'ਚ ਚੀਨ ਉਸ ਨੂੰ ਹੀ ਅੱਖਾਂ ਦਿਖਾ ਰਿਹਾ ਹੈ।

ਅਮਰੀਕਾ-ਚੀਨ ਸ਼ੀਤ ਯੁੱਧ ਭਾਵੇਂ ਹੀ ਹਾਲੇ ਭਵਿੱਖ ਦੇ ਗਰਭ ਵਿੱਚ ਹੋਵੇ, ਪਰ ਭਾਰਤ-ਚੀਨ ਸ਼ੀਤ ਯੁੱਧ ਸ਼ੁਰੂ ਹੋ ਚੁੱਕਿਆ ਹੈ। ਲੱਦਾਖ ਦੇ ਮੋਰਚੇ 'ਤੇ ਚੀਨ ਵੱਲੋਂ ਕਬੇ ਤੋਂ ਉਪਜਿਆ ਫੌਜੀ ਤਣਾਅ ਕਿਸੇ ਯੁੱਧ ਦਾ ਰੂਪ ਧਾਰਨ ਕਰ ਸਕਦਾ ਹੈ। ਲੱਗਦਾ ਹੈ ਕਿ ਭਾਰਤ ਨਾਲ ਜੰਗੀ ਮੋਰਚਾ ਖੋਲ੍ਹ ਕੇ ਚੀਨੀ ਰਾਸ਼ਟਰਪਤੀ ਇੱਕ ਵੱਡੇ ਫੌਜੀ ਸੰਘਰਸ਼ ਦੀ ਬਿਸਾਤ ਵਿਛਾ ਰਿਹਾ ਹੈ। ਜਿੱਥੇ ਮਾਓਤਸੇ ਤੁੰਗ ਨੇ ਚੀਨ ਦੇ ਪੁਰਾਣੇ ਸਿਸਟਮ ਨੂੰ ਢਹਿ ਢੇਰੀ ਕੀਤਾ ਤੇ ਦੇਂਗ ਸ਼ਿਆਓਪਿੰਗ ਨੇ ਆਧੁਨਿਕ ਚੀਨੀ ਅਰਥਚਾਰੇ ਦੀ ਬੁਨਿਆਦ ਰੱਖੀ, ਉਥੇ ਹੀ ਜਿਨਪਿੰਗ ਚੀਨ ਨੂੰ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਬਣਾਉਣ ਲਈ ਵਚਨਬੱਧ ਦਿਸਦਾ ਹੈ। ਇਹ ਬਹੁਉਮੀਦੀ ਸੁਫਨਾ ਕਿਤੇ ਉਸ ਨੂੰ ਏਨਾ ਅੰਨ੍ਹਾ ਨਾ ਕਰ ਦੇਵੇ ਕਿ ਉਹ ਆਲਮੀ ਦੁਸ਼ਮਣੀ ਮੁੱਲ ਲੈ ਬੈਠੇ। ਸ਼ੀ ਦੇ ਸ਼ਾਸਨ ਵਾਲੇ ਚੀਨ ਦੀ ਤੁਲਨਾ ਐਡਾਲਫ ਹਿਟਲਰ ਦੇ ਨਾਜ਼ੀ ਜਰਮਨੀ ਨਾਲ ਕਰਨਾ ਸ਼ਾਇਦ ਕੁਝ ਜਲਦਬਾਜ਼ੀ ਹੋਵੇਗੀ, ਪਰ ਸ਼ੋਸਲ ਮੀਡੀਆ 'ਤੇ ਉਸ ਨੂੰ ਹਿਟਲਰ ਕਿਹਾ ਜਾਣ ਲੱਗਿਆ ਹੈ। ਵੈਸੇ ਤਸੀਹਾ ਕੇਂਦਰਾਂ 'ਚ ਕੈਦ 10 ਲੱਖ ਤੋਂ ਜ਼ਿਆਦਾ ਮੁਸਲਮਾਨਾਂ ਤੇ ਆਪਣੇ ਗੁਆਂਢੀ ਦੇਸ਼ਾਂ 'ਤੇ ਹਮਲਾਵਾਰਾਨਾ ਤਰੀਕੇ ਨਾਲ ਰੋਅਬ ਦਿਖਾ ਕੇ ਜਿਨਪਿੰਗ ਹਿਟਲਰ ਦੀਆਂ ਗਲਤੀਆਂ ਤੋਂ ਕੁਝ ਸਿੱਖ ਸਕਦਾ ਹੈ, ਜਿਸ ਨੇ ਕਈ ਮੋਰਚੇ ਖੋਲ੍ਹ ਕੇ ਆਪਣੀ ਸ਼ਕਤੀ ਨੂੰ ਖੋਖਲਾ ਕਰ ਲਿਆ ਸੀ।

ਚੀਨ ਭਾਵੇਂ ਹੀ ਇੱਕ ਵੱਡੀ ਤਾਕਤ ਹੋਵੇ, ਪਰ ਉਸ ਦਾ ਕੋਈ ਸੱਚਾ ਦੋਸਤ ਨਹੀਂ ਹੈ। ਉਸ ਕੋਲ ਭਰੋਸੇਮੰਦ ਵਿਦੇਸ਼ੀ ਹਿੱਸੇਦਾਰ ਦੀ ਵੀ ਕਮੀ ਹੈ। ਅਸਲ 'ਚ ਚੀਨ ਜਿੰਨਾ ਸ਼ਕਤੀਸ਼ਾਲੀ ਬਣੇਗਾ, ਉਸ ਲਈ ਅਸਲ ਸਾਂਝੇਦਾਰ ਬਣਾਉਣਾ ਹੋਰ ਮੁਸ਼ਕਲ ਹੁੰਦਾ ਜਾਵੇਗਾ। ਕੀ ਜਿਨਪਿੰਗ ਸਾਂਝੇਦਾਰਾਂ ਤੋਂ ਬਿਨਾਂ ਹੀ ਚੀਨ ਨੂੰ ਦੁਨੀਆ ਦੀ ਸਭ ਤੋਂ ਵੱਡੀ ਸ਼ਕਤੀ ਬਣਾ ਸਕਦਾ ਹੈ? ਸ਼ੀ ਦੀ ਏਨੀ ਜੁਰਅੱਤ ਪਿੱਛੇ ਇਹ ਧਾਰਨਾ ਹੈ ਕਿ ਇਸ ਦੀ ਚੀਨ ਨੂੰ ਕੋਈ ਕੀਮਤ ਨਹੀਂ ਚੁਕਾਉਣੀ ਪਵੇਗੀ।

ਹਾਲੇ ਤੱਕ ਇਹ ਰਣਨੀਤੀ ਕਾਰਗਰ ਸਾਬਤ ਹੋਈ ਹੈ ਕਿਉਂਕਿ ਦੁਨੀਆ ਦੀਆਂ ਹੋਰ ਵੱਡੀਆਂ ਸ਼ਕਤੀਆਂ ਠੋਸ ਕਾਰਵਾਈ ਦੀ ਬਜਾਏ ਜ਼ੁਬਾਨੀ ਜਮ੍ਹਾਂ ਖਰਚ 'ਚ ਹੀ ਜੁਟੀਆਂ ਰਹੀਆਂ, ਪਰ ਹਾਲ ਹੀ 'ਚ ਸਮੀਕਰਨ ਕੁਝ ਬਦਲੇ ਹਨ। ਕੋਰੋਨਾ ਮਹਾਂਮਾਰੀ ਤੇ ਇਸ ਤੋਂ ਬਾਅਦ ਤਿੱਬਤ ਦੀ ਤਰਜ਼ 'ਤੇ ਹਾਂਗਕਾਂਗ ਨੂੰ ਪੂਰੀ ਤਰ੍ਹਾਂ ਹੜੱਪਣ ਦੀ ਬਦਨੀਅਤੀ ਦਿਖਾ ਕੇ ਸ਼ੀ ਨੇ ਆਲਮੀ ਗੁੱਸੇ ਨੂੰ ਸੱਦਾ ਦੇਣਾ ਸ਼ੁਰੂ ਕਰ ਦਿੱਤਾ ਹੈ।

ਕੋਰੋਨਾ ਮਹਾਂਮਾਰੀ ਨੇ ਦਿਖਾਇਆ ਹੈ ਕਿ ਨਿਰੰਕੁਸ਼ ਚੀਨ ਦੀ ਦੁਨੀਆ ਨੂੰ ਕਿੰਨੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਇਹ ਮਹਾਂਮਾਰੀ ਸ਼ੀ ਦੇ ਨਵਸਾਮਰਾਜਵਾਦੀ ਏਜੰਡੇ 'ਤੇ ਪਾਣੀ ਫੇਰ ਸਕਦੀ ਹੈ। ਦੁਨੀਆ ਦੇ ਤਮਾਮ ਦੇਸ਼ ਬੀਜਿੰਗ 'ਤੇ ਆਪਣੀ ਆਰਥਿਕ ਨਿਰਭਰਤਾ ਘਟਾ ਰਹੇਹਨ। ਵਿਦੇਸ਼ੀ ਕੰਪਨੀਆਂ ਚੀਨ ਤੋਂ ਹਿਜਰਤ ਕਰ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਚੀਨ ਨੂੰ ਲੈ ਕੇ ਸਖਤ ਪਾਬੰਦੀਆਂ ਵੀ ਲਾਈਆਂ ਹਨ। ਜਿੱਥੋਂ ਤੱਕ ਭਾਰਤ-ਚੀਨ ਸਰਹੱਦ ਦਾ ਸਵਾਲ ਹੈ ਤਾਂ ਇਤਿਹਾਸ ਵਿੱਚ ਅਜਿਹੀ ਕੋਈ ਸਰਹੱਦ-ਰੇਖਾ ਸੀ ਹੀ ਨਹੀਂ।

ਭਾਰਤ ਦੀ ਸਰਹੱਦ ਤਾਂ ਤਿੱਬਤ ਨਾਲ ਲੱਗਦੀ ਸੀ, ਪਰ 1951 ਵਿੱਚ ਚੀਨ ਨੇ ਤਿੱਬਤ ਨੂੰ ਹੜੱਪ ਕੇ ਹਾਲਾਤ ਬਦਲ ਦਿੱਤੇ। ਉਦੋਂ ਤੋਂ ਚੀਨ ਨੇ ਜਦੋਂ ਵੀ ਭਾਰਤ ਖਿਲਾਫ ਹਮਲਾਵਰ ਰੁਖ਼ ਦਾ ਪ੍ਰਦਰਸ਼ਨ ਕੀਤਾ ਹੈ ਤਾਂ ਦੇਸ਼ ਵਿੱਚ ਕੁਝ ਲੋਕਾਂ ਨੇ ਇਸ ਲਈ ਭਾਰਤ ਨੂੰ ਹੀ ਜ਼ਿੰਮੇਵਾਰ ਦੱਸਿਆ। ਉਨ੍ਹਾਂ ਨੇ ਇਸ ਗੱਲ 'ਤੇ ਗੌਰ ਨਹੀਂ ਕੀਤੀ ਕਿ ਬਾਹੂਬਲ ਦਿਖਾਉਣਾ ਚੀਨ ਦੇ ਸਾਮਵਾਦੀ ਸਭਿਆਚਾਰ ਦਾ ਹਿੱਸਾ ਹੈ। ਇੱਕ ਤਾਂ ਭਾਰਤ ਨੇ ਦੇਰ ਨਾਲ ਚੀਨ ਸਰਹੱਦ 'ਤੇ ਬੁਨਿਆਦੀ ਢਾਂਚਾ ਵਿਕਸਤ ਕਰਨਾ ਸ਼ੁਰੂ ਕੀਤਾ ਤੇ ਜੇ ਕੁਝ ਭਾਰਤੀਆਂ ਨੂੰ ਇਹ ਕਵਾਇਦ ਤੇ ਪਿਛਲੇ ਸਾਲ ਜੰਮੂ-ਕਸ਼ਮੀਰ ਦੇ ਦਰਜੇ 'ਚ ਸੰਵਿਧਾਨਕ ਤਬਦੀਲੀ ਚੀਨ ਦੇ ਤਾਜ਼ਾ ਹਮਲੇ ਦਾ ਕਾਰਨ ਦਿਸ ਰਹੀ ਹੈ ਤਾਂ ਉਹ ਅਸਲ ਵਿੱਚ ਚੀਨ ਦੇ ਹੱਥਾਂ ਵਿੱਚ ਖੇਡ ਰਹੇ ਹਨ। ਜਦੋਂ 2013 ਵਿੱਚ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ, ਉਨ੍ਹਾਂ ਵੀ ਚੀਨ ਨੇ ਲੱਦਾਖ ਦੇ ਦੇਪਸਾਂਗ ਖੇਤਰ ਵਿੱਚ ਘੁਸਪੈਠ ਕੀਤੀ ਸੀ।

ਹਿਮਾਲਿਆ ਦੇ ਇਲਾਕੇ 'ਚ ਚੀਨ ਦੇ ਨਾਪਾਕ ਮਨਸੂਬਿਆਂ ਨਾਲ ਨਜਿੱਠਣ ਲਈ ਭਾਰਤ ਨੂੰ ਤਿੱਬਤ ਦੀ ਜਲਾਵਤਨੀ ਸਰਕਾਰ ਨੂੰ ਢਾਲ ਬਣਾ ਕੇ ਇਸ ਦਾ ਲਾਭ ਉਠਾਉਣਾ ਚਾਹੀਦਾ ਹੈ। ਅਫਸੋਸ ਦੀ ਗੱਲ ਹੈ ਕਿ ਚੀਨ ਨੂੰ ਖੁਸ਼ ਕਰਨ ਲਈ ਭਾਰਤ ਨੇ ਦੋ ਸਾਲ ਪਹਿਲਾਂ ਦਲਾਈ ਲਾਮਾ ਤੇ ਜਲਾਵਤਨੀ ਸਰਕਾਰ ਦੇ ਦਰਜੇ ਨੂੰ ਬਦਲ ਦਿੱਤਾ। ਹੁਣ ਭਾਰਤ ਨੂੰ ਚਾਹੀਦਾ ਹੈ ਕਿ ਸਰਹੱਦੀ ਖੇਤਰ ਦਾ ਸਹੀ ਇਤਿਹਾਸਕ ਨਾਂਅ ਭਾਰਤ-ਤਿੱਬਤ ਸਰਹੱਦ ਕਰ ਦਿੱਤਾ ਜਾਵੇ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ 1967 'ਚ ਅਸੀਂ ਚੀਨ ਦੇ ਸਾਹਮਣੇ ਡਟੇ ਤਾਂ ਉਸ ਦੇ ਹਮਲਾਵਾਰਾਨਾ ਰੁਖ਼ ਦੀ ਹਵਾ ਨਿਕਲੀ ਤੇ ਹਿਮਾਲਿਆ ਦੀ ਸਰਹੱਦ 'ਤੇ ਸ਼ਾਂਤੀ ਯਕੀਨੀ ਹੋਈ। ਇਸ ਦੇ ਉਲਟ ਜਦੋਂ ਵੀ ਭਾਰਤ ਨੇ ਸੁਹਿਰਦਤਾ ਦਿਖਾਈ ਤਾਂ ਬਦਲੇ ਵਿੱਚ ਚੀਨ ਨੇ ਜ਼ਖਮ ਹੀ ਦਿੱਤੇ। 1967 ਵਿੱਚ ਅਸੀਂ 62 ਅਤੇ 64 ਦੀਆਂ ਜੰਗਾਂ ਚੋਂ ਉਭਰ ਹੀ ਰਹੇ ਸੀ, ਫਿਰ ਵੀ ਸਿੱਕਮ-ਤਿੱਬਤ ਸਰਹੱਦ 'ਤੇ ਅਸੀਂ ਚੀਨ ਨੂੰ ਕਰਾਰਾ ਜਵਾਬ ਦਿੱਤਾ। ਹੁਣ ਪਰਮਾਣੂ ਸ਼ਕਤੀ ਸੰਪੰਨ ਤੇ ਕਈ ਸਾਲਾਂ ਤੱਕ ਦੁਨੀਆ 'ਚ ਹਥਿਆਰਾਂ ਦਾ ਸਭ ਤੋਂ ਵੱਡਾ ਆਯਾਤਕ ਰਿਹਾ 2020 ਦਾ ਭਾਰਤ ਕੀ 1967 ਦੇ ਉਸ ਭਾਰਤ ਤੋਂ ਵੀ ਕਮਜ਼ੋਰ ਹੈ?

ਅੱਜ ਭਾਰਤ 'ਚ ਕਿਸੇ ਗਠਜੋੜ ਦੀ ਸਰਕਾਰ ਨਹੀਂ ਹੈ। ਮੌਜੂਦਾ ਸਰਕਾਰ ਕੋਲ ਸੰਸਦ ਵਿੱਚ ਭਾਰੀ ਬਹੁਮਤ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਨਤਾ ਦਾ ਵਿਆਪਕ ਸਮਰਥਨ ਹਾਸਲ ਹੈ। ਆਪਣੇ ਸਮਰਥਕਾਂ 'ਚ ਨਰਿੰਦਰ ਮੋਦੀ ਦਾ ਅਕਸ ਅਜਿਹੇ ਨੇਤਾ ਦਾ ਹੈ, ਜੋ ਕਦੇ ਦੇਸ਼ ਨੂੰ ਨਿਰਾਸ਼ ਨਹੀਂ ਕਰ ਸਕਦੇ। ਲੱਦਾਖ ਦੇ ਮੋਰਚੇ 'ਤੇ ਉਨ੍ਹਾਂ ਦੀ ਲੀਡਰਸ਼ਿਪ ਦੀ ਪ੍ਰੀਖਿਆ ਹੋਣ ਜਾ ਰਹੀ ਹੈ। ਅਸਲ ਵਿੱਚ ਬਾਰਤ ਦੀ ਆਲਮੀ ਸਥਿਤੀ ਤੇ ਇਸ ਦੀ ਸੁਰੱਖਿਆ ਦੇ ਹਾਲਾਤ ਕਾਫੀ ਹੱਦ ਤੱਕ ਇਸ 'ਤੇ ਨਿਰਭਰ ਹੋਣਗੇ ਕਿ ਉਹ ਚੀਨ ਨਾਲ ਫੌਜੀ ਟਕਰਾਅ ਨਾਲ ਕਿਸ ਤਰ੍ਹਾਂ ਨਜਿੱਠਦਾ ਹੈ। ਭਾਰਤ ਸਰਕਾਰ ਨੂੰ ਇਸ ਸਮੇਂ ਠੋਸ ਤੇ ਕਾਰਗਰ ਨੀਤੀ ਬਣਾਉਣ ਦੀ ਦਰਕਾਰ ਹੈ ਤਾਂ ਕਿ ਅੱਗੇ ਤੋਂ ਕੋਈ ਭਾਰਤ ਵੱਲ ਮਾੜੀ ਮਨਸ਼ਾ ਨਾਲ ਨਜ਼ਰ ਚੁੱਕ ਕੇ ਨਾ ਦੇਖ ਸਕੇ।


## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



jobs! jobs! jobs! jobs! jobs!

DUNDAS·JAFINE

## HELP WANTED
## ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ




ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

## Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh



416.670.3173 | 905.799.7333
27 Edvac Dr, Brampton, ON L6S 5X8

## GUNTAAS RADIO AM 530


Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

## PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਬਾਬਲ ਮੇਰਾ ਦੇਸਾਂ ਦਾ ਰਾਜਾ..



-ਜਸਪ੍ਰੀਤ ਕੌਰ ਸੰਘਾ-

ਸਮਾਜਿਕ ਜੀਵਨ ਦਾ ਆਧਾਰ ਰਿਸ਼ਤੇ ਹਨ। ਇਹ ਰਿਸ਼ਤੇ-ਨਾਤੇ ਹੀ ਹਨ ਜੋ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਂਦੇ ਹਨ। ਆਪਣਿਆਂ ਦਾ ਸਾਥ ਵੱਡੀ ਤੋਂ ਵੱਡੀ ਔਕੜ ਸਮੇਂ ਵੀ ਬੰਦੇ ਨੂੰ ਡੋਲਣ ਨਹੀਂ ਦਿੰਦਾ। ਰਿਸ਼ਤਿਆਂ ਦੀ ਫੁਲਵਾੜੀ ਵਿੱਚ ਅਨੇਕਾਂ ਰਿਸ਼ਤੇ ਪਨਪਦੇ ਹਨ। ਹਰ ਰਿਸ਼ਤੇ ਦੀ ਆਪਣੀ ਪਰਿਭਾਸ਼ਾ, ਮਹੱਤਵ ਅਤੇ ਮਰਿਆਦਾ ਹੁੰਦੀ ਹੈ। ਮਾਂ-ਬਾਪ, ਭੈਣ-ਭਰਾ, ਪਤੀ-ਪਤਨੀ, ਮਾਂ-ਧੀ, ਪਿਓ-ਪੁੱਤਰ ਆਦਿ ਸਾਡੇ ਸਭ ਤੋਂ ਨਜ਼ਦੀਕੀ ਰਿਸ਼ਤੇ ਹਨ। ਇਨ੍ਹਾਂ ਵਿੱਚੋਂ ਹੀ ਇੱਕ ਬਹੁਤ ਪਿਆਰਾ ਅਤੇ ਖ਼ੂਬਸੂਰਤ ਰਿਸ਼ਤਾ ਹੈ 'ਪਿਓ-ਧੀ' ਦਾ ਰਿਸ਼ਤਾ। ਅਸੀਂ ਮਾਂ-ਧੀ ਦੇ ਰਿਸ਼ਤੇ ਦੀ ਗੱਲ ਆਮ ਕਰਦੇ ਹਾਂ, ਪਰ ਪਿਓ-ਧੀ ਦਾ ਰਿਸ਼ਤਾ ਅਕਸਰ ਅਣਗੌਲਿਆ ਜਾਂਦਾ ਹੈ, ਜਦੋਂ ਕਿ ਪਿਓ-ਧੀ ਦੇ ਰਿਸ਼ਤੇ ਵਿੱਚ ਵੀ ਓਨਾ ਹੀ ਪਿਆਰ ਅਤੇ ਸਤਿਕਾਰ ਹੁੰਦਾ ਹੈ ਜਿੰਨਾ ਮਾਂ-ਧੀ ਦੇ ਰਿਸ਼ਤੇ ਵਿਚਕਾਰ ਦੇਖਣ ਨੂੰ ਮਿਲਦਾ ਹੈ। ਧੀ ਆਪਣੇ ਬਾਬਲ ਦੇ ਜਿਗਰ ਦਾ ਟੋਟਾ ਹੁੰਦੀ ਹੈ। ਬਾਬਲ ਦਾ ਮਾਣ ਅਤੇ ਅਣਖ ਉਸਦੀ ਧੀ ਹੁੰਦੀ ਹੈ। ਧੀਆਂ ਦੀ ਅਸਲੀ ਸਰਦਾਰੀ ਵੀ ਬਾਬਲ ਦੇ ਘਰ ਹੁੰਦੀ ਹੈ। ਬਾਬਲ ਦਾ ਸਾਇਆ ਧੀ ਲਈ ਉਸ ਛਾਂਦਾਰ ਰੁੱਖ ਵਾਂਗ ਹੁੰਦਾ ਹੈ ਜਿਸ ਹੇਠ ਉਹ ਸਾਰੀ ਉਮਰ ਬੇਪ੍ਰਵਾਹੀਆਂ ਮਾਣਦੀ ਹੈ। ਜ਼ਿੰਦਗੀ ਦੇ ਹਰ ਮੋੜ 'ਤੇ ਧੀ ਨੂੰ ਬਾਬਲ ਦੇ ਸਾਥ ਦੀ ਲੋੜ ਹੁੰਦੀ ਹੈ।

ਸਾਡੇ ਲੋਕ ਗੀਤਾਂ ਵਿੱਚ ਵੀ ਇਸਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ-

ਡੱਬੀ ਭਰੀ ਸੰਧੂਰ, ਇੱਕ ਫੁੱਲ ਤੋੜੀਦਾ
ਐਸ ਵੇਲੇ ਜ਼ਰੂਰ ਬਾਬਲ ਲੋੜੀਂਦਾ।

ਧੀ ਦੇ ਜਨਮ ਨਾਲ ਹੀ ਬਾਪ ਦੀਆਂ ਜ਼ਿੰਮੇਵਾਰੀਆਂ ਵਧ ਜਾਂਦੀਆਂ ਹਨ, ਕਿਉਂਕਿ ਧੀ ਨੂੰ ਪਾਲਣਾ, ਉਸ ਨੂੰ ਚੰਗੇ ਸੰਸਕਾਰ ਦੇਣੇ ਅਤੇ ਉਸਦਾ ਕੰਨਿਆਦਾਨ ਕਰਨਾ ਮਾਂ-ਬਾਪ ਦਾ ਸਭ ਤੋਂ ਵੱਡਾ ਫਰਜ਼ ਹੁੰਦਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਮਾਂ-ਧੀ ਦੇ ਰਿਸ਼ਤੇ ਵਿੱਚ ਨੇੜਤਾ ਵੱਧ ਹੁੰਦੀ ਹੈ ਤੇ ਧੀ ਆਪਣੇ ਬਾਬਲ ਨੂੰ ਆਪਣੇ ਦਿਲ ਦੀ ਗੱਲ ਦੱਸਣ ਤੋਂ ਸੰਕੋਚ ਕਰਦੀ ਹੈ, ਪਰ ਜਦੋਂ ਧੀ ਜਵਾਨ ਹੁੰਦੀ ਹੈ ਤਾਂ ਉਸ ਦੇ ਲਈ ਵਰ ਲੱਭਣ ਦੀ ਜ਼ਿੰਮੇਵਾਰੀ ਬਾਬਲ ਦੀ ਹੁੰਦੀ ਹੈ। ਇਸੇ ਲਈ ਧੀ ਆਪਣੇ ਬਾਬਲ ਨੂੰ ਸੰਬੋਧਿਤ ਹੋ ਕੇ ਆਖਦੀ ਹੈ:

ਵੇ ਬਾਬਲ ਵਰ ਤੇ ਟੋਲੀਓ ਜੀ
ਕੋਈ ਹਾਣੋ ਹਾਣੀ
ਵੇ ਬਾਬਲ ਵੱਡਾ ਨਾ ਸਹੇੜਿਓ ਜੀ
ਮੇਰੀ ਉਮਰ ਅੰਞਾਣੀ
ਵੇ ਬਾਬਲ ਨਿੱਕਾ ਨਾ ਸਹੇੜਿਓ ਜੀ
ਜਿਹਨੇ ਸਾਰ ਨਾ ਜਾਣੀ।

ਹਰ ਬਾਬਲ ਦੀ ਇੱਛਾ ਹੁੰਦੀ ਹੈ ਕਿ ਉਹ ਆਪਣੀ ਧੀ ਲਈ ਸਭ ਤੋਂ ਵਧੀਆ ਵਰ ਚੁਣੇ ਜੋ ਉਸਦੀ ਧੀ ਨੂੰ ਦੁਨੀਆ ਦੀ ਹਰ ਖ਼ੁਸ਼ੀ ਦੇ ਸਕੇ। ਪੁਰਾਣੇ ਸਮਿਆਂ ਵਿੱਚ ਜ਼ਿਆਦਾਤਰ ਘਰ ਕੱਚੇ ਹੁੰਦੇ ਸਨ ਤੇ ਹਰ ਧੀ ਦੀ ਇੱਛਾ ਹੁੰਦੀ ਸੀ ਕਿ ਉਸ ਦਾ ਪੱਕੇ ਘਰ ਰਿਸ਼ਤਾ ਹੋਵੇ, ਕਿਉਂਕਿ ਪੱਕੇ ਘਰਾਂ ਨੂੰ ਅਮੀਰੀ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਇਸੇ ਲਈ ਤਾਂ ਇੱਕ ਧੀ ਆਪਣੇ ਬਾਬਲ ਅੱਗੇ ਬੇਨਤੀ ਕਰਦੀ ਹੈ ਕਿ ਉਹ ਉਸਨੂੰ ਕੱਚੇ ਘਰ ਨਾ ਵਿਆਹੇ। ਪਿਓ-ਧੀ ਦੀ ਇਸ ਵਾਰਤਾਲਾਪ ਨੂੰ ਸੁਹਾਗ ਰੂਪੀ ਲੋਕ ਗੀਤਾਂ ਵਿੱਚ ਇੰਜ ਪੇਸ਼ ਕੀਤਾ ਗਿਆ ਹੈ:

ਕੱਚੇ ਕੋਠੇ ਵਾਲੇ ਘਰ ਨਾ ਦਈਂ ਬਾਬਲਾ
ਸਾਥੋਂ ਲਿੱਪੇ ਨਾ ਜਾਣ ਵੇ ਬਨੇਰੇ ਬਾਬਲਾ।

ਜੱਗ ਦੀ ਰੀਤ ਅਨੁਸਾਰ ਹਰ ਬਾਬਲ ਨੂੰ ਆਪਣੇ ਜਿਗਰ ਦਾ ਟੋਟਾ ਬੇਗਾਨੇ ਹੱਥੀਂ ਸੌਂਪਣਾ ਹੀ ਪੈਂਦਾ ਹੈ। ਸਮਾਜਿਕ ਰੀਤੀ-ਰਿਵਾਜਾਂ ਵਿੱਚ ਬੱਝਾ ਬਾਬਲ ਚਾਵਾਂ-ਲਾਡਾਂ ਨਾਲ ਪਾਲੀ ਆਪਣੀ ਧੀ ਨੂੰ ਹੱਥੀਂ ਬੇਗਾਨੀ ਕਰ ਦਿੰਦਾ ਹੈ। ਧੀ ਦਾ ਦਾਨ ਭਾਵੇਂ ਸਭ ਤੋਂ ਵੱਡਾ ਦਾਨ ਮੰਨਿਆ ਜਾਂਦਾ ਹੈ, ਪਰ ਫੇਰ ਵੀ ਧੀ ਦੇ ਵਿਆਹ ਸਮੇਂ ਧੀ ਦਾ ਬਾਬਲ ਹਮੇਸ਼ਾਂ ਹੀ ਨਿਵਦਾ ਹੈ:

ਬਾਬਲ ਕਿਉਂ ਨਿਵਿਆ ਨੀਂ ਧਰਮੀ
ਕਿਉਂ ਨਿਵਿਆ
ਇਸ ਬਾਬਲ ਘਰ ਕੰਨਿਆ ਕੰਵਾਰੀ
ਨੀਂ ਬਾਬਲ ਧਰਮੀ ਤਾਂ ਨਿਵਿਆ।

ਬਾਬਲ ਅਮੀਰ ਹੋਵੇ ਜਾਂ ਗ਼ਰੀਬ, ਧੀ ਲਈ ਉਸਦਾ ਬਾਬਲ ਹਮੇਸ਼ਾਂ ਰਾਜਾ ਹੀ ਹੁੰਦਾ ਹੈ ਤੇ ਪੇਕਿਆਂ ਦਾ ਘਰ ਉਸਦੇ ਲਈ ਕਿਸੇ ਮਹਿਲ ਤੋਂ ਘੱਟ ਨਹੀਂ ਹੁੰਦਾ। ਇਹ ਸੱਚ ਵੀ ਹੈ ਕਿ ਜੋ ਸਰਦਾਰੀ ਇੱਕ ਧੀ ਆਪਣੇ ਬਾਬਲ ਦੇ ਘਰ ਮਾਣਦੀ ਹੈ, ਉਹ ਸਹੁਰੇ ਘਰ ਘੱਟ ਨਸੀਬ ਹੁੰਦੀ ਹੈ। ਧੀਆਂ ਦੀ ਸਰਦਾਰੀ ਬਾਬਲ ਦੇ ਸਿਰ 'ਤੇ ਹੀ ਹੁੰਦੀ ਹੈ। ਧੀਆਂ ਨੂੰ ਵੀ ਆਪਣੇ ਬਾਬਲ ਦੀ ਸਰਦਾਰੀ ਸਭ ਤੋਂ ਵੱਧ ਪਿਆਰੀ ਹੁੰਦੀ ਹੈ। ਧੀ ਤਾਂ ਆਪਣੇ ਬਾਬਲ ਦਾ ਸਿਰ ਹਮੇਸ਼ਾਂ ਮਾਣ ਨਾਲ ਉਚਾ ਹੋਇਆ ਹੀ ਦੇਖਣਾ ਚਾਹੁੰਦੀ ਹੈ। ਇਸਦਾ ਵਰਨਣ ਲੋਕ ਗੀਤ ਵੀ ਕਰਦੇ ਹਨ:

ਬਾਬਲ ਮੇਰਾ ਦੇਸਾਂ ਦਾ ਰਾਜਾ
ਮਤ ਕਿਤੇ ਨਿੰਦਿਆ ਨੇ ਜਾਵੇ
ਬਾਬਲ ਦੇਸਾਂ ਦਾ ਰਾਜਾ
ਜੱਸ ਬਹੁਤਾ ਪਾਵੇ।

ਧੀ ਦੇ ਵਿਛੋੜੇ ਦਾ ਦਰਦ ਇੱਕ ਬਾਪ ਲਈ ਅਸਹਿ ਹੁੰਦਾ ਹੈ। ਜਦੋਂ ਬਾਪ ਆਪਣੇ ਹੱਥੀਂ ਆਪਣੀ ਲਾਡਲੀ ਧੀ ਨੂੰ ਵਿਦਾ ਕਰਦਾ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਧੀ ਲਈ ਵੀ ਆਪਣੀ ਵਸੀ-ਵਸਾਈ ਦੁਨੀਆ ਛੱਡ ਕੇ ਪਰਾਏ ਘਰ ਜਾਣਾ ਆਸਾਨ ਨਹੀਂ ਹੁੰਦਾ। ਇਸੇ ਲਈ ਧੀ ਆਪਣੇ ਬਾਬਲ ਅੱਗੇ ਉਸਨੂੰ ਆਪਣੇ ਘਰ ਰੱਖਣ ਨੂੰ ਅਰਜੋਈਆਂ ਕਰਦੀ ਹੈ, ਪਰ ਬਾਬਲ ਸਮਾਜਿਕ ਰੀਤਾਂ ਅੱਗੇ ਮਜਬੂਤ ਅਜਿਹਾ ਕਰਨ ਤੋਂ ਅਸਮਰੱਥ ਹੁੰਦਾ ਹੈ ਤੇ ਆਪਣੇ ਦਿਲ 'ਤੇ ਪੱਥਰ ਰੱਖ ਆਪਣੀ ਲਾਡੋ ਰਾਣੀ ਨੂੰ ਬੇਗਾਨਿਆਂ ਹੱਥੀਂ ਸੌਂਪ ਦਿੰਦਾ ਹੈ:

ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਮੇਰਾ ਆਂਗਨ ਹੋਇਆ ਪ੍ਰਦੇਸ਼ ਵੇ ਬਾਬਲ
ਰੱਖ-ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ ਵੇ ਬਾਬਲ।

ਧੀ ਦਾ ਕਾਜ ਰਚਾ ਕੇ ਉਸਨੂੰ ਵਿਦਾ ਕਰ ਕੇ ਭਾਵੇਂ ਧੀ ਦਾ ਬਾਬਲ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋ ਜਾਂਦਾ ਹੈ, ਪਰ ਆਪਣੀ ਲਾਡਲੀ ਨੂੰ ਬੇਗਾਨੇ ਵੱਸ ਪਾਉਣ ਲਈ ਉਸਨੂੰ ਪਹਾੜ ਜਿੱਡਾ ਜੇਰਾ ਕਰਨਾ ਪੈਂਦਾ ਹੈ। ਇਸੇ ਲਈ ਸਾਡੇ ਲੋਕ ਗੀਤਾਂ ਵਿੱਚ ਉਸ ਨੂੰ ਧਰਮੀ ਬਾਬਲ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਜਿਸ ਧੀ ਨੂੰ ਉਂਗਲੀ ਫੜ ਤੁਰਨਾ ਸਿਖਾਇਆ ਹੋਵੇ, ਉਸ ਨੂੰ ਆਪਣੇ ਹੱਥੀਂ ਪ੍ਰਦੇਸੀ ਤੋਰਨਾ ਆਸਾਨ ਨਹੀਂ ਹੁੰਦਾ। ਧੀ ਦੀ ਵਿਦਾਈ ਸਮੇਂ ਬਾਬਲ ਦੇ ਦਿਲ ਦਾ ਹਾਲ ਕੋਈ ਕਲਮ ਬਿਆਨ ਨਹੀਂ ਕਰ ਸਕਦੀ। ਧੀਆਂ ਬਾਬਲ ਦੇ ਘਰ ਦਾ ਸ਼ਿੰਗਾਰ ਅਤੇ ਰੌਣਕ ਹੁੰਦੀਆਂ ਹਨ। ਹਰ ਧੀ ਆਪਣੇ ਬਾਬਲ ਦੇ ਘਰ ਰਾਣੀ ਹੁੰਦੀ ਹੈ। ਕੁਝ ਲੋਕ ਚਾਹੇ ਧੀਆਂ ਨੂੰ ਬੋਝ ਸਮਝਦੇ ਹਨ, ਪਰ ਸੱਚ ਇਹੀ ਹੈ ਕਿ ਧੀਆਂ ਮਾਪਿਆਂ ਦੇ ਦੁੱਖ-ਸੁੱਖ ਦੀਆਂ ਅਸਲੀ ਭਾਗੀਦਾਰ ਹੁੰਦੀਆਂ ਹਨ। ਧੀਆਂ ਮਰਦੇ ਦਮ ਤੱਕ ਆਪਣੇ ਬਾਬਲ ਦੇ ਘਰ ਦੀ ਸੁੱਖ ਮੰਗਦੀਆਂ ਹਨ। ਜੇ ਸਹੁਰੇ ਘਰ ਧੀ ਸੁਖੀ ਵੱਸਦੀ ਹੋਵੇ ਤਾਂ ਇਸ ਤੋਂ ਵੱਡੀ ਖ਼ੁਸ਼ੀ ਉਸਦੇ ਬਾਬਲ ਲਈ ਹੋਰ ਕੋਈ ਨਹੀਂ ਹੁੰਦੀ। ਧੀ ਚਾਹੇ ਵਿਆਹ ਤੋਂ ਬਾਅਦ ਪ੍ਰਦੇਸਣ ਹੋ ਜਾਂਦੀ ਹੈ ਪਰ ਪਿਓ-ਧੀ ਦੇ ਰਿਸ਼ਤੇ ਲਈ ਇਹ ਦੂਰੀ ਕੋਈ ਮਾਅਨੇ ਨਹੀਂ ਰੱਖਦੀ। ਧੀ ਦਾ ਬਾਬਲ ਤਾਂ ਆਪਣੇ ਆਖਰੀ ਸਾਹਾਂ ਤੱਕ ਆਪਣੀ ਧੀ ਦੀ ਸੁੱਖ ਮੰਗਦਾ ਹੈ ਤੇ ਧੀ ਸਹੁਰੇ ਘਰ ਬੈਠੀ ਵੀ ਆਪਣੇ ਬਾਬਲ ਦੇ ਪਿਆਰ, ਉਸਦੀ ਯਾਦ ਨੂੰ ਆਪਣੇ ਦਿਲ ਅੰਦਰ ਵਸਾ ਕੇ ਰੱਖਦੀ ਹੈ।

# ਕੋਰੋਨਾ ਦੌਰਾਨ ਭਾਰਤ ਵਿੱਚ ਸਭ ਰਾਮ ਭਰੋਸੇ

-ਕਰਣ ਥਾਪਰ-



ਅਸਲ 'ਚ ਵਾਇਰਸ ਦੇ ਨਾਲ ਰਹਿ ਕੇ ਅਸੀਂ ਕੀ ਸਿੱਖ ਸਕਦੇ ਹਾਂ? ਜਦੋਂ ਤੱਕ ਸਾਨੂੰ ਕੋਈ ਇਸ ਵਾਇਰਸ ਦੀ ਵੈਕਸੀਨ ਨਹੀਂ ਮਿਲ ਜਾਂਦੀ ਉਦੋਂ ਤੱਕ ਇਹ ਸਾਡੇ ਲਈ ਵੱਡੀ ਚੁਣੌਤੀ ਹੈ। ਅੱਜ ਜਦੋਂ ਅਸੀਂ ਅਨਲਾਕ-1 'ਚ ਪ੍ਰਵੇਸ਼ ਕਰ ਲਿਆ ਹੈ ਤਾਂ ਇਹ ਮੁੱਖ ਤੌਰ 'ਤੇ ਇੱਕ ਦਿਲਚਸਪ ਸਵਾਲ ਹੈ, ਕਿਉਂਕਿ ਮੈਂ ਦੋ ਵਿਆਪਕ ਅਤੇ ਬਹੁਤ ਵੱਖਰੇ ਜਵਾਬਾਂ ਨੂੰ ਲੱਭਿਆ ਹੈ। ਅਜਿਹੇ ਲੋਕ ਹਨ, ਜੋ ਆਪਣੇ ਘਰ 'ਚ ਰਹਿ ਕੇ ਐਸ਼ੋ-ਆਰਾਮ ਦੀ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਨੇ ਮਾਰਚ ਦੇ ਅੰਤ ਵਿੱਚ ਬੰਦ ਦਰਵਾਜ਼ਿਆਂ ਦੇ ਪਿੱਛੇ ਰਹਿ ਕੇ ਤਾਲਮੇਲ ਬਿਠਾਇਆ। ਉਹ ਅਜੇ ਤੱਕ ਇਨ੍ਹਾਂ ਦਰਵਾਜ਼ਿਆਂ ਦੇ ਪਿੱਛੇ ਜ਼ਿੰਦਗੀ ਬਤੀਤ ਕਰ ਰਹੇ ਹਨ। ਅਨਲਾਕ ਉਨ੍ਹਾਂ ਨੂੰ ਮਾਸਕ ਪਹਿਨਣ ਤੇ ਦੋ ਮੀਟਰ ਦੀ ਜ਼ਰੂਰੀ ਦੂਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ, ਪਰ ਫਿਰ ਵੀ ਉਨ੍ਹਾਂ ਨੇ ਇਸ ਬਦਲ ਨੂੰ ਨਹੀਂ ਚੁਣਿਆ। ਉਹ ਸੁਰੱਖਿਅਤ ਹਨ ਅਤੇ ਮੈਨੂੰ ਉਨ੍ਹਾਂ 'ਤੇ ਸਿਰਫ ਇੱਕ ਸ਼ੱਕ ਹੈ ਕੀ ਇਹ ਵਾਇਰਸ ਨਾਲ ਜਿਊਣਾ ਸਿੱਖ ਰਹੇ ਹਨ? ਸੱਚ ਕਹਾਂ ਤਾਂ ਜੇ ਤੁਸੀਂ ਆਪਣੇ ਘਰ ਨੂੰ ਆਪਣੀ ਜੇਲ੍ਹ 'ਚ ਬਦਲਦੇ ਹੋ ਇਹ ਇੱਕ ਬਹੁਤ ਵੱਖਰੀ ਜ਼ਿੰਦਗੀ ਹੈ ਜਿਸ ਦੀ ਤੁਸੀਂ ਅਗਵਾਈ ਕਰ ਰਹੇ ਹੋ। ਅਸਲ ਵਿੱਚ ਤੁਸੀਂ ਇਹ ਕਹਿ ਸਕਦੇ ਹੋ ਕਿ ਤੁਸੀਂ ਦੁਨੀਆ ਦੇ ਡਰ ਨਾਲ ਬਾਹਰੀ ਜ਼ਿੰਦਗੀ ਨੂੰ ਛੱਡ ਦਰਵਾਜ਼ਿਆਂ ਦੇ ਅੰਦਰ ਰਹਿ ਰਹੇ ਹੋ?

ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਨੇ ਘਰੇਲੂ ਕਰਮਚਾਰੀਆਂ ਨੂੰ ਆਪਣੇ ਘਰਾਂ ਵਿੱਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ। ਇਹ ਵੀ ਤ੍ਰਾਸਦੀ ਹੈ। ਵਿਦੇਸ਼ੀ ਯਾਤਰਾ ਕਰਨ ਵਾਲਿਆਂ ਨੇ ਭਾਰਤ 'ਚ ਕੋਰੋਨਾ ਦਾ ਪ੍ਰਵੇਸ਼ ਕਰਵਾ ਦਿੱਤਾ। ਇਸ ਦਾ ਪਸਾਰ ਹੋ ਚੁੱਕਾ ਹੈ। ਅਸੀਂ ਗਰੀਬ ਅਤੇ ਵਾਂਝੇ ਹਮਵਤਨੀਆਂ ਨੂੰ ਆਪਣੀ ਸੁਰੱਖਿਆ ਲਈ ਖਤਰਾ ਮੰਨਦੇ ਹਾਂ। ਇਸ ਲਈ ਉਨ੍ਹਾਂ ਲਈ ਦੋ ਭਾਰਤ ਬਣ ਚੁੱਕੇ ਹਨ। ਵਿਸ਼ੇਸ਼ ਤੌਰ 'ਤੇ ਇੱਕ ਘਰ ਹੈ ਜਿੱਥੇ ਕਿਸੇ ਨੂੰ ਵੜਨ ਦੀ ਇਜਾਜ਼ਤ ਨਹੀਂ ਅਤੇ ਦੂਸਰਾ ਬਾਹਰੀ ਵਿਆਪਕ ਹਾਸ਼ੀਆ ਹੈ ਜਿੱਥੇ ਹਰੇਕ ਡਰ ਵਿੱਚ ਰਹਿ ਰਿਹਾ ਹੈ ਅਤੇ ਗਰੀਬਾਂ ਤੋਂ ਬਚ ਰਿਹਾ ਹੈ।

ਵਾਇਰਸ ਦੇ ਨਾਲ ਰਹਿਣ ਵਾਲੇ ਦੂਸਰੇ ਲੋਕ ਇੱਕ ਸਾਧਾਰਨ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਮਾਸਕ ਅਤੇ ਚਿਹਰੇ ਨੂੰ ਬਚਾਉਣ ਲਈ ਇੱਕ ਕਵਚ ਦੀ ਵਰਤੋਂ ਕਰਦੇ ਹਨ ਤੇ ਦੋ ਮੀਟਰ ਸਮਾਜਕ ਦੂਰੀ ਬਣਾ ਕੇ ਰਹਿ ਰਹੇ ਹਨ। ਉਹ ਇਸ ਆਸ ਵਿੱਚ ਹਨ ਕਿ ਵਾਇਰਸ ਉਨ੍ਹਾਂ 'ਤੇ ਹਮਲਾ ਨਹੀਂ ਕਰੇਗਾ, ਪਰ ਕੀ ਇਹ ਆਸ ਹਕੀਕੀ ਹੈ?

ਮਾਸਕ ਪਹਿਨਣਾ ਅਤੇ ਫੇਸ ਸ਼ੀਲਡ ਨੂੰ ਲਾਗੂ ਕਰਨਾ ਆਸ ਅਨੁਸਾਰ ਸੌਖਾ ਹੈ, ਪਰ ਦੋ ਮੀਟਰ ਦੂਰੀ ਰੱਖਣੀ ਸੌਖੀ ਨਹੀਂ। ਭਾਵੇਂ ਇਹ ਦਫਤਰ ਹੋਵੇ, ਬਸ ਸਟਾਪ ਹੋਵੇ, ਕਰਿਆਨਾ ਸਟੋਰ ਹੋਵੇ, ਟੈਕਸੀ ਹੋਵੇ, ਸਟਰੀਟ ਵੈਂਡਰ ਕੋਲੋਂ ਸਬਜ਼ੀ ਖਰੀਦਣੀ ਹੋਵੇ ਜਾਂ ਹਾਕਰ ਕੋਲੋਂ ਅਖਬਾਰ ਲੈਣਾ ਹੋਵੇ। ਅਜਿਹੀਆਂ ਥਾਵਾਂ 'ਤੇ ਅਸੀਂ ਇੱਕ ਦੂਸਰੇ ਤੋਂ ਲਗਭਗ ਇੱਕ ਕਦਮ ਦੀ ਦੂਰੀ ਹੀ ਰੱਖਦੇ ਹਾਂ। ਅਜਿਹੇ ਲੋਕ ਆਪਣੇ ਆਪ ਨੂੰ ਰਾਮ ਭਰੋਸੇ ਜਾਂ ਫਿਰ ਅੱਲ੍ਹਾ ਰੱਖਾ ਸਮਝਦੇ ਹਨ। ਉਹ ਇੰਝ ਹੀ ਜਿਊਣਾ ਸਿੱਖ ਰਹੇ ਹਨ।

ਆਪਣੇ ਆਪ ਨੂੰ ਰੋਕ ਕੇ ਵਿਚਾਰ ਕਰੋ ਕਿ ਕੀ ਤੁਸੀਂ ਦੋ ਜਵਾਬਾਂ ਦੌਰਾਨ ਵਿੱਚ ਕੋਈ ਸਪੱਸ਼ਟ ਲਿੰਕ ਦੇਖਿਆ ਹੈ? ਡਰ ਈਸ਼ਵਰ ਦਾ ਦੂਸਰਾ ਨਾਂਅ ਹੈ। ਇਹ ਇੱਕ ਸਿੱਕੇ ਦੇ ਦੋ ਪਹਿਲੂ ਹਨ। ਪਹਿਲੇ ਕੇਸ ਵਿੱਚ ਡਰ ਕੁਝ ਉਦਮ ਨੂੰ ਬਾਹਰ ਕਰਨ ਤੋਂ ਨਾਂਹ ਕਰਨੀ ਯਕੀਨੀ ਬਣਾਉਂਦਾ ਹੈ। ਲੋਕ ਅਜਿਹਾ ਕਰ ਸਕੇ ਹਨ ਕਿਉਂਕਿ ਉਹ ਘਰ ਵਿੱਚ ਰਹਿਣ ਦਾ ਜੋਖਿਮ ਉਠਾ ਸਕਦੇ ਹਨ, ਪਰ ਆਮਦਨ ਦਾ ਇੱਕ ਬਹੁਤ ਵੱਡਾ ਨੁਕਸਾਨ ਨਹੀਂ ਉਠਾ ਸਕਦੇ। ਆਰਥਿਕ ਕਿਸਮਤ ਬਿਨਾਂ ਸ਼ੱਕ ਉਨ੍ਹਾਂ ਦੇ ਡਰ ਦੀ ਭਾਵਨਾ ਦੀ ਪੁਸ਼ਟੀ ਕਰਦੀ ਹੈ।

ਦੂਸਰੇ ਲੋਕਾਂ ਦੇ ਕੋਲ ਕੰਮ 'ਤੇ ਵਾਪਸ ਜਾਣ ਦੇ ਇਲਾਵਾ ਕੋਈ ਬਦਲ ਨਹੀਂ ਹੈ ਉਨ੍ਹਾਂ ਦੇ ਲਈ ਘਰ 'ਚ ਰਹਿਣਾ ਕੋਈ ਬਦਲ ਨਹੀਂ ਹੈ। ਨਾ ਉਨ੍ਹਾਂ ਦੀ ਆਮਦਨ ਅਤੇ ਨਾ ਉਨ੍ਹਾਂ ਦੇ ਘਰਾਂ ਦਾ ਸਾਈਜ਼ ਇਸ ਦੀ ਇਜਾਜ਼ਤ ਦਿੰਦਾ ਹੈ। ਉਹ ਇਹ ਸੋਚ ਕੇ ਜੋਖਿਮ ਦਾ ਸਾਹਮਣਾ ਕਰਦੇ ਹਨ ਕਿ ਉਨ੍ਹਾਂ ਦੇ ਨਾਲ ਅਜਿਹਾ ਨਹੀਂ ਹੋਵੇਗਾ।

ਬਦਕਿਸਮਤੀ ਨਾਲ ਅਨੁਮਾਨ ਸਿਰਫ ਲਕਵਾ ਗ੍ਰਸਤ ਜਾਂ ਨਿਰਾਸ਼ ਆਸ ਨੂੰ ਮਜ਼ਬੂਤ ਕਰਦਾ ਹੈ। ਭਾਰਤ ਰੋਜ਼ਾਨਾ ਮਰੀਜ਼ਾਂ ਦੇ ਵਧਦੇ ਮਾਮਲੇ 'ਚ ਤੀਸਰੇ ਸਥਾਨ 'ਤੇ ਹੈ, ਕੁੱਲ ਕੇਸਾਂ ਅਤੇ ਰੋਜ਼ਾਨਾ ਮੌਤਾਂ ਦੇ ਮਾਮਲੇ ਵਿੱਚ ਚੌਥਾ ਸਭ ਤੋਂ ਵੱਡਾ ਦੇਸ਼ ਹੈ ਅਤੇ ਕੁੱਲ ਮੌਤਾਂ ਦੇ ਮਾਮਲੇ ਵਿੱਚ ਨੌਵਾਂ ਸਭ ਤੋਂ ਵੱਡਾ ਦੇਸ਼ ਹੈ। ਇਥੋਂ ਤੱਕ ਕਿ ਮਾਹਰ ਵੀ ਇਹੀ ਕਹਿੰਦੇ ਹਨ ਕਿ ਭਾਰਤ 'ਚ ਸਤੰਬਰ ਤੱਕ 200 ਮਿਲੀਅਨ ਲੋਕ ਪ੍ਰਭਾਵਤ ਹੋ ਸਕਦੇ ਹਨ ਅਤੇ ਨਵੰਬਰ ਦੇ ਮੱਧ ਤੱਕ ਇਹ ਵਾਇਰਸ ਚੋਟੀ 'ਤੇ ਪਹੁੰਚ ਸਕਦਾ ਹੈ।

ਇਸ ਲਈ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਕੀ ਅਸੀਂ ਉਨ੍ਹਾਂ ਲੋਕਾਂ ਵਿੱਚ ਵੰਡੇ ਹੋ ਸਕਦੇ ਹਾਂ, ਜੋ ਡਰ ਦੇ ਨਾਲ ਰਹਿੰਦੇ ਹਨ ਜਾਂ ਉਮੀਦ ਦੇ ਨਾਲ ਜਿਊਂਦੇ ਹਨ? ਮੈਨੂੰ ਪਤਾ ਹੈ ਕਿ ਵਿਸ਼ਾਲ ਬਹੁਮਤ ਬਾਅਦ ਦੀ ਸ਼੍ਰੇਣੀ ਦੇ ਨਾਲ ਹੈ। ਇਹ ਗਿਣਤੀ ਸ਼ਾਇਦ ਨੱਬੇ ਫੀਸਦੀ ਹੋ ਸਕਦੀ ਹੈ। ਅਸੀਂ ਪਹਿਲਾਂ ਹੀ ਧਰਮ ਅਤੇ ਖੇਤਰ, ਜਾਤੀ ਅਤੇ ਭੋਜਨ ਅਤੇ ਰੰਗ ਨਾਲ ਵੰਡੇ ਹਾਂ। ਅੱਗੋਂ ਜਿਸ ਤਰ੍ਹਾਂ ਅਸੀਂ ਇਸ ਦੇ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਕੀ ਵਾਇਰਸ ਸਾਨੂੰ ਵੰਡੇਗਾ? ਕੀ ਅਸੀਂ ਅਜਿਹੇ ਲੋਕਾਂ 'ਚ ਫਰਕ ਦੇਖਣਾ ਚਾਹਾਂਗੇ, ਜੋ ਅਮੀਰ ਹਨ ਤੇ ਦਰਵਾਜ਼ੇ ਬੰਦ ਰੱਖਦੇ ਹਨ? ਦੂਸਰੇ ਪਾਸੇ ਉਹ ਲੋਕ ਹਨ ਜਿਨ੍ਹਾਂ ਦੇ ਕੋਲ ਇਸ ਦੇ ਇਲਾਵਾ ਕੋਈ ਚਾਰਾ ਨਹੀਂ। ਅਸੀਂ ਸਾਰਿਆਂ ਦੀ ਸੁਰੱਖਿਆ ਲਈ ਭਗਵਾਨ ਕੋਲ ਪ੍ਰਾਰਥਨਾ ਕਰਾਂਗੇ।

## ਕਹਾਣੀ

# ਮੁਲਾਜ਼ਮ

-ਸ਼ਰਨਜੀਤ ਕੌਰ

ਜਸਵੀਰ ਬਚਪਨ ਤੋਂ ਹੀ ਮੁਲਾਜ਼ਮ ਬਣਨਾ ਲੋਚਦੀ ਸੀ, ਕਿਉਂਕਿ ਜਦ ਵੀ ਘਰ ਵਿੱਚ ਦੂਜਿਆਂ ਨੂੰ ਵੇਖ ਕੇ ਕੋਈ ਬੇਲੋੜੇ ਖਰਚੇ ਦੀ ਇੱਛਾ ਜ਼ਾਹਰ ਕਰਦਾ ਤਾਂ ਉਹਦੀ ਮਾਂ ਝੱਟ ਆਖਦੀ, ''ਨਹੀਂ ਭਾਈ, ਅਗਲੇ ਤਾਂ ਮੁਲਾਜ਼ਮ ਨੇ, ਆਪਾਂ ਨਹੀਂ ਉਨ੍ਹਾਂ ਦੀ ਰੀਸ ਕਰਨੀ।'' ਜਸਵੀਰ ਨੂੰ ਲੱਗਦਾ ਕਿਵੇਂ ਨਾ ਕਿਵੇਂ ਮੁਲਾਜ਼ਮ ਬਣ ਜਾਵਾਂ, ਫਿਰ ਮੌਜਾਂ ਹੀ ਮੌਜਾਂ। ਉਸ ਨੇ ਸੁਣ ਰੱਖਿਆ ਸੀ ਕਿ ਮੁਲਾਜ਼ਮ ਬਣਨ ਲਈ ਪੜ੍ਹਨਾ ਪੈਂਦਾ ਹੈ, ਤੇ ਉਹ ਵੀ ਬਹੁਤ ਜ਼ਿਆਦਾ। ਫਿਰ ਕੀ ਸੀ, ਪੜ੍ਹਾਈ ਦਾ ਜਨੂੰਨ ਚੜ੍ਹਾ ਲਿਆ। ਦਸਵੀਂ, ਬਾਰ੍ਹਵੀਂ, ਬੀ ਏ, ਐੱਮ ਏ ਅਤੇ ਅੰਤ ਨੂੰ ਦਾਖਲਾ ਟੈਸਟ ਪਾਸ ਕਰ ਕੇ ਬੀ ਐੱਡ ਕਰ ਲਈ। ਘਰ ਦੀ ਆਰਥਕ ਹਾਲਤ ਬਹੁਤ ਵਧੀਆ ਨਾ ਹੋਣ ਕਾਰਨ ਉਸ ਨੇ ਖੁਦ ਪੜ੍ਹਨ ਦੇ ਨਾਲ-ਨਾਲ ਟਿਊਸ਼ਨਾਂ ਵੀ ਪੜ੍ਹਾਈਆਂ। ਪਤਲੀ ਆਰਥਿਕ ਹਾਲਤ ਕਾਰਨ ਉਚ ਵਿਦਿਆ ਲਈ ਯੂਨੀਵਰਸਿਟੀ ਨਾ ਜਾ ਸਕੀ ਤੇ ਘਰ ਰਹਿ ਕੇ ਪੜ੍ਹਾਈ ਕੀਤੀ। ਖੈਰ, ਭਲਾ ਹੋਵੇ ਉਸ ਸਮੇਂ ਦਾ, ਜਿਸ ਸਮੇਂ ਉਹ ਸੰਘਰਸ਼ ਕਰ ਰਹੀ ਸੀ, ਉਦੋਂ ਸਰਕਾਰੀ ਸਕੂਲਾਂ-ਕਾਲਜਾਂ ਦਾ ਠਾਠ ਸੀ। ਫੀਸਾਂ ਘੱਟ ਸਨ ਤੇ ਪੜ੍ਹਾਈ ਦਾ ਮਿਆਰ ਵੀ ਉਚਾ ਸੀ। ਅੱਜਕੱਲ੍ਹ ਵਾਂਗ ਨਾ ਬਹੁਤਾ ਨਿਜੀਕਰਨ ਸੀ ਤੇ ਨਾ ਹੀ ਸਰਕਾਰਾਂ ਕਿਸੇ ਕਾਰਪੋਰੇਟ ਘਰਾਣੇ ਲਈ ਆਪਣੇ ਅਦਾਰੇ ਵੇਚਦੀਆਂ ਸਨ।

ਜਸਵੀਰ ਪੜ੍ਹਾਈ ਪੂਰੀ ਕਰ ਕੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲੱਗ ਪਈ। ਚੰਗੇ ਭਾਗੀ ਉਹਦੀ ਯੋਗਤਾ ਨੂੰ ਵੇਖਦਿਆਂ ਇੱਕ ਚੰਗੇ ਪਰਵਾਰ ਵਿੱਚ ਉਹਦਾ ਰਿਸ਼ਤਾ ਹੋ ਗਿਆ। ਮੁੰਡਾ ਵੀ ਚੰਗਾ ਪੜ੍ਹਿਆ ਲਿਖਿਆ ਸੀ, ਨੌਕਰੀ ਭਾਵੇਂ ਪ੍ਰਾਈਵੇਟ ਕਰਦਾ ਸੀ, ਪਰ ਅਗਾਂਹਵਧੂ ਸੋਚ ਰੱਖਦਾ ਸੀ। ਇਸ ਲਈ ਵਿਆਹ ਬਿਨਾਂ ਦਾਜ ਦੇ ਹੋਇਆ ਸੀ। ਇਸ ਤਰ੍ਹਾਂ ਇੱਕ ਸਾਧਾਰਨ ਪਰਵਾਰ ਦੀ ਕੁੜੀ ਬਿਨਾਂ ਆਪਣੇ ਪਰਵਾਰ ਦੇ ਸਿਰ ਕਰਜ਼ੇ ਦੀ ਪੰਡ ਚੜ੍ਹਾਏ, ਬੂਹਿਓਂ ਉਠ ਗਈ। ਉਹਦੇ ਚੰਗੇ ਭਾਗਾਂ ਦੀਆਂ ਗੱਲਾਂ ਘਰ ਘਰ ਹੋਣ ਲੱਗੀਆਂ। ਫਿਰ ਉਸ ਦਾ ਸੁਫਨਾ ਸੱਚ ਹੋਣ ਦਾ ਦਿਨ ਆ ਗਿਆ ਤੇ ਉਸ ਦੀ ਚੋਣ ਸਰਕਾਰੀ ਨੌਕਰੀ ਲਈ ਹੋ ਗਈ, ਪਰ ਤਿੰਨ ਸਾਲ ਲਈ ਠੇਕੇ 'ਤੇ ਨੌਕਰੀ, ਉੱਕੀ ਪੁੱਕੀ 10 ਕੁ ਹਜ਼ਾਰ ਤਨਖਾਹ, ਉੱਤੋਂ ਸਟੇਸ਼ਨ ਮਿਲਿਆ ਰੱਬ ਦੀਆਂ ਜੜ੍ਹਾਂ 'ਚ। ਮਨ ਦੁਖੀ ਹੋਇਆ, ਪਰ ਹੋਰ ਚਾਰਾ ਵੀ ਕੋਈ ਨਹੀਂ ਸੀ, ਸਰਕਾਰੀ ਮੁਲਾਜ਼ਮ ਜੋ ਬਣਨਾ ਸੀ। ਨੌਕਰੀ ਜੁਆਇਨ ਕਰ ਲਈ। ਸਾਰੀ ਤਨਖਾਹ ਆਉਣ ਜਾਣ ਦੇ ਖਰਚਿਆਂ ਵਿੱਚ ਉੱਡ ਜਾਣੀ। ਘਰ ਪਰਵਾਰ ਦਾ ਵੀ ਚੰਗੀ ਤਰ੍ਹਾਂ ਖਿਆਲ ਨਾ ਰੱਖ ਹੋਣਾ, ਸਫਰ ਦੀ ਥਕਾਵਟ ਤੇ ਕੰਮਾਂ ਦੀ ਬਹੁਲਤਾ ਨੇ ਛੁੱਟੀ ਵਾਲੇ ਦਿਨ ਵੀ ਫਾਡੀ ਬਣਾ ਛੱਡਣਾ। ਘਰ ਵਿੱਚ ਗੱਲ ਗੱਲ 'ਤੇ ਉਸ ਨੂੰ ਮਿਹਣੇ ਸੁਣਨ ਨੂੰ ਮਿਲਣੇ, ''ਮੁਲਾਜ਼ਮ ਹੋਊ ਅਗਲੀ ਆਪਣੇ ਲਈ ਹੋਊ, ਸਾਨੂੰ ਕੀ ਮਿਲੂ? ਜਾਂ ਤਾਂ ਇਨ੍ਹਾਂ ਨੂੰ ਅੱਡ ਕਰੋ, ਖਰਚਾ ਘਟੇ, ਨਹੀਂ ਸਾਡੇ ਬਰਾਬਰ ਕੰਮ ਕਰਨ।''

ਉਹ ਮਨ ਹੀ ਮਨ ਤੜਫਦੀ ਤੇ ਸੋਚਦੀ ਕਿ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਸਿਰਫ ਮੁਲਾਜ਼ਮ ਸਮਝ ਸਕਦੇ ਹਨ। ਸਹੀ ਸਮੇਂ ਤੋਂ ਵੀ ਦਸ ਮਿੰਟ ਪਹਿਲਾਂ ਹਾਜ਼ਰ ਚਾਹੀਦੇ ਹਾਂ। ਉਹ ਕੀ ਜਾਣੇ ਸਮੇਂ ਦੀ ਪਾਬੰਦੀ, ਜਿਹਨੇ ਆਪਣੀ ਮਰਜ਼ੀ ਨਾਲ ਘਰ ਦੇ ਕੰਮ ਕਰਨੇ ਨੇ। ਸਮੇਂ 'ਤੇ ਪਹੁੰਚਣ ਲਈ ਮੁਲਾਜ਼ਮ ਕਈ ਵਾਰ ਭੁੱਖੇ ਪੇਟ ਮੰਜ਼ਿਲ ਨੂੰ ਤੁਰ ਪੈਂਦੇ ਨੇ ਤੇ ਬਾਰ੍ਹਾਂ ਵਜੇ ਤੱਕ ਰੋਟੀ ਬਾਰੇ ਸੋਚਣ ਦੀ ਵੀ ਵਿਹਲ ਨਹੀਂ ਹੁੰਦੀ। ਉਹ ਇਹ ਸਭ ਸੋਚ ਲੈਂਦੀ, ਪਰ ਕਹਿ ਨਾ ਪਾਉਂਦੀ। ਡਰਦੀ ਸੀ ਕਿ ਬੋਲੀ ਤਾਂ ਸਵਾ ਕੁ ਸਾਲ ਦਾ ਬਾਲ ਘਰ ਰਹਿੰਦਾ ਸੀ, ਉਹ ਵੀ ਇਨ੍ਹਾਂ ਨਹੀਂ ਰੱਖਣਾ। ਆਪਣੇ ਬੱਚੇ ਲਈ ਵਿੱਤੋਂ ਵੱਧ ਕੰਮ ਕਰਦੀ, ਸੁਵੱਖਦੇ ਉਠਦੀ ਤੇ ਅਲਸਾਈਆਂ ਅੱਖਾਂ ਨਾਲ ਆਪਣੇ ਕੰਮ ਮੁਕਾ ਬਸ ਜਾ ਚੜ੍ਹਦੀ। ਸ਼ਾਮ ਢਲੀ ਤੋਂ ਥੱਕੀ-ਟੁੱਟੀ ਰੂਹ ਸਣੇ ਘਰ ਪਹੁੰਚਦੀ ਤੇ ਆਪਣੇ ਹਿੱਸੇ ਦੇ ਕੰਮਾਂ ਨੂੰ ਮੂੰਹ ਅੱਡੀ ਖੜੇ ਵੇਖਦੀ। ਨਾ ਕੰਮ ਪੂਰੇ ਹੁੰਦੇ, ਨਾ ਨੀਂਦ, ਨਾ ਪੁੱਤਰ ਦੇ ਚਾਅ।

ਫਿਰ ਵੀ ਜੁਟੀ ਹੋਈ ਸੀ, ਪਰ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਉਂਦੀ। ਆਨੇ ਬਹਾਨੇ ਘਰਦਿਆਂ ਨੇ ਉਸ ਨੂੰ ਆਪਣਾ ਬੱਚਾ ਨਾਲ ਲੈ ਜਾਣ ਦਾ ਫੁਰਮਾਨ ਸੁਣਾ ਦਿੱਤਾ। ਕਸੂਤੇ ਫਸੇ, ਕੀ ਹੋਵੇ? ਏਨੀ ਦੂਰ ਤੱਕ ਤਿੰਨ ਬੱਸਾਂ ਬਦਲਣੀਆਂ ਪੈਂਦੀਆਂ ਸਨ। ਬੱਚਾ ਨਾਲ ਲਿਜਾਣਾ ਬੜਾ ਮੁਸ਼ਕਲ ਸੀ, ਗਰਮੀ ਨਹੀਂ ਸੀ ਸਹਾਰ ਸਕਣਾ। ਆਖਰ ਅਗਾਂਹਵਧੂ ਸੋਚ ਕੰਮ ਆਈ, ਉਸ ਦੇ ਪਤੀ ਨੇ ਪ੍ਰਾਈਵੇਟ ਨੌਕਰੀ ਛੱਡ ਕੇ ਘਰ ਰਹਿ ਕੇ ਬੱਚਾ ਪਾਲਣ ਦਾ ਫੈਸਲਾ ਲੈ ਲਿਆ, ਕਿਉਂਕਿ ਜਸਵੀਰ ਦੀ ਨੌਕਰੀ ਸਰਕਾਰੀ ਸੀ, ਤੇ ਸਰਕਾਰੀ ਨੌਕਰੀ ਮਿਲਣਾ ਖਾਲਾ ਜੀ ਦਾ ਵਾੜਾ ਨਹੀਂ। ਨੌਕਰੀ ਲਈ ਪਹਿਲਾਂ ਉਸ ਨੂੰ ਟੈਟ ਪਾਸ ਕਰਨਾ ਪਿਆ ਸੀ, ਫਿਰ ਸਬਜੈਕਟ ਟੈਸਟ, ਗੋਡਣੀ ਲੱਗ ਗਈ ਸੀ ਅਗਲੀ ਦੀ। ਪ੍ਰਾਈਵੇਟ ਨੌਕਰੀ, ਘਰ ਦੀਆਂ ਜ਼ਿੰਮੇਵਾਰੀਆਂ ਤੇ ਰਾਤ ਨੂੰ ਟੈਸਟਾਂ ਦੀ ਤਿਆਰੀ, ਸੁੱਕ ਕੇ ਤੀਲਾ ਹੋ ਗਈ ਸੀ ਉਹ। ਮਸਾਂ ਤਾਂ ਮਾਲਕ ਨੇ ਸੁਣੀ ਸੀ। ਪਤੀ ਦੇ ਫੈਸਲੇ ਨੇ ਜਸਬੀਰ ਨੂੰ ਅਥਾਹ ਤਾਕਤ ਬਖਸ਼ੀ। ਉਸ ਨੇ ਸੋਚਿਆ ਦੋ ਸਾਲ ਨਿਕਲ ਗਏ, ਇੱਕ ਸਾਲ ਹੋਰ ਨਿਕਲ ਜਾਵੇ, ਫਿਰ ਪੂਰੀ ਤਨਖਾਹ ਮਿਲਣ ਲੱਗੇਗੀ। ਜਦੋਂ ਖਰਚੇ ਕੱਟ ਕੇ ਟੱਬਰ ਦੇ ਹੱਥ 'ਤੇ ਤੀਹ ਹਜ਼ਾਰ ਟਿਕਿਆ ਤਾਂ ਇਨ੍ਹਾਂ ਨੂੰ ਪਤਾ ਲੱਗੂ ਮੁਲਾਜ਼ਮ ਦਾ ਮੁੱਲ। ਇਹ ਕੀ, ਨਤੀਜਾ ਸੋਚ ਤੋਂ ਉਲਟ ਨਿਕਲਿਆ, ਉਸ ਦੇ ਪਤੀ ਦੇ ਇਸ ਫੈਸਲੇ ਨਾਲ ਬਾਕੀ ਟੱਬਰ ਨੂੰ ਪੰਜ ਭੱਠ ਬੁਖਾਰ ਚੜ੍ਹ ਗਿਆ। ਪਰਵਾਰਕ ਕਲੇਸ਼ ਦਾ ਬਹਾਨਾ ਬਣਾ ਕੇ ਮੁਲਾਜ਼ਮਾਂ ਨੂੰ ਅੱਡ ਕਰਨ ਦਾ ਫੈਸਲਾ ਹੋ ਗਿਆ। ਬਾਪੂ ਆਖਣ ਲੱਗਾ, ''ਲਓ ਬਈ, ਘਰ ਤੁਹਾਨੂੰ ਬਣਾ ਕੇ ਦੇ ਦਿੱਤਾ, ਰੱਸੋ ਵੱਸੋ, ਪਰ ਦੋ ਸਾਲ ਜ਼ਮੀਨ 'ਚੋਂ ਕਿਸੇ ਹਿੱਸੇ ਠੇਕੇ ਦੀ ਝਾਕ ਨਾ ਰੱਖਿਓ, ਘਰ ਪਾਉਣ ਕਾਰਨ ਮੈਂ ਵੀ ਦੇਣ ਲੈਣ ਤਾਰਨੈ।''

ਉਹ ਦੋਵੇਂ ਜੀਅ ਚੁਪਚਾਪ ਖਾਲੀ ਹੱਥ ਖਾਲੀ ਘਰ ਵਿੱਚ ਆ ਬੈਠੇ ਤੇ ਆਪਣੇ ਆਪ ਨੂੰ ਇਹ ਕਹਿ ਕੇ ਧਰਵਾਸ ਦੇ ਲਿਆ ਕਿ ਲਾਇਕ ਪੁੱਤਰ ਤਾਂ ਕੱਲਰਾਂ 'ਚ ਵੀ ਘਰ ਬੰਨ੍ਹ ਲੈਂਦੇ ਨੇ, ਸਾਡੇ ਸਿਰ 'ਤੇ ਫਿਰ ਵੀ ਛੱਤ ਹੈ।

ਦਿਨ ਬੀਤਦੇ ਗਏ, ਪੁੱਤਰ ਤਿੰਨ ਸਾਲ ਤੋਂ ਉਪਰ ਹੋ ਚੁੱਕਾ ਸੀ, ਉਸ ਨੂੰ ਸਕੂਲ ਪੜ੍ਹਨੇ ਪਾ ਦਿੱਤਾ। ਉਸ ਦੇ ਪਤੀ ਨੂੰ ਇੱਕ ਪ੍ਰਾਈਵੇਟ ਕਾਲਜ ਵਿੱਚ ਨੌਕਰੀ ਮਿਲ ਗਈ ਤੇ ਸਭ ਤੋਂ ਵੱਡੀ ਸਕੂਨ ਦੀ ਗੱਲ ਇਹ ਸੀ ਕਿ ਚੋਣਾਂ ਨੇੜੇ ਹੋਣ ਕਾਰਨ ਸਰਕਾਰ ਨੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਦਿੱਤਾ ਅਤੇ ਜਸਵੀਰ ਦੀ ਬਦਲੀ ਵੀ ਨੇੜੇ ਹੀ ਹੋ ਗਈ।

ਘਰ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਆ ਗਈਆਂ ਤੇ ਜਸਵੀਰ ਸਹੀ ਅਰਥਾਂ ਵਿੱਚ ਉਹ ਮੁਲਾਜ਼ਮ ਬਣ ਗਈ ਸੀ, ਜਿਸ ਲਈ ਉਸ ਨੇ ਅਸੀਮ ਤਪੱਸਿਆ ਕੀਤੀ ਸੀ, ਪਰ ਅਜੇ ਦੋ ਕੁ ਮਹੀਨੇ ਖੁਸ਼ੀ ਖੁਸ਼ੀ ਗੁਜ਼ਰੇ ਸਨ ਕਿ ਕੋਰੋਨਾ ਦਾ ਕਹਿਰ ਅਣਕਿਆਸੇ ਬੱਦਲ ਵਾਂਗ ਵਰ੍ਹ ਪਿਆ। ਸਭ ਕੁਝ ਅਹਿਲ ਹੋ ਗਿਆ, ਦੁਨੀਆ ਠਠੰਬਰ ਗਈ, ਸਭ ਘਰਾਂ ਵਿੱਚ ਡੱਕੇ ਗਏ, ਨਾਢੂ ਖਾਂ ਕਹਾਉਣ ਵਾਲੇ ਵੱਡੇ-ਵੱਡੇ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਗੜਬੜਾ ਗਈਆਂ। ਰੋਜ਼ ਸਰਕਾਰਾਂ ਦੇ ਨਵੇਂ-ਨਵੇਂ ਫੈਸਲੇ ਸੁਣਨ ਨੂੰ ਮਿਲਣ ਲੱਗੇ ਤੇ ਅਜਿਹਾ ਹੀ ਇੱਕ ਫੈਸਲਾ ਮੁਲਾਜ਼ਮਾਂ ਦੀ ਤਨਖਾਹ ਉਪਰ ਵੱਡਾ ਕੱਟ ਲਾਉਣ ਦਾ ਸੀ, ਜੋ ਜਸਵੀਰ 'ਤੇ ਅਸਮਾਨੀ ਬਿਜਲੀ ਵਾਂਗ ਡਿੱਗਿਆ ਤੇ ਉਹ ਤੜਫ ਉਠੀ, ''ਮਸਾਂ ਉਮਰ ਦੇ ਚਾਲੀ ਵਰ੍ਹੇ ਖਪਾ ਕੇ ਆਪਣੀਆਂ ਲੋੜਾਂ ਦੇ ਖੰਭ ਪਸਾਰਨ ਦੀ ਤਿਆਰੀ ਕੀਤੀ ਸੀ। ਤੀਹ ਸਾਲ ਮੁਲਾਜ਼ਮ ਬਣਨ ਖਾਤਰ ਜਫਰ ਜਾਲੇ ਅਤੇ ਦਸ ਸਾਲ ਕੱਚਾ ਮੁਲਾਜ਼ਮ ਹੋਣ ਕਾਰਨ। ਕੀ ਸਰਕਾਰ ਨੂੰ ਵੀ ਮੁਲਾਜ਼ਮ ਰੋੜਾਂ ਵਾਂਗ ਰੜਕਣੇ ਸਨ? ਅਜੇ ਕੱਲ੍ਹ ਮੈਂ ਪੱਕੀ ਮੁਲਾਜ਼ਮ ਬਣੀ ਹਾਂ ਤੇ ਅੱਜ ਪੱਕੇ ਮੁਲਾਜ਼ਮਾਂ ਦੀ ਤਨਖਾਹ ਕੱਟ ਲਓ, ਮੇਰਾ ਕਸੂਰ ਕੀ ਹੈ? ਇਹੋ ਕਿ ਮੈਂ ਮੁਲਾਜ਼ਮ ਬਣਨ ਦਾ ਸੁਫਨਾ ਲਿਆ। ਕਾਸ਼! ਮੈਂ ਮੁਲਾਜ਼ਮ ਬਣਨ ਦਾ ਸੁਫਨਾ ਨਾ ਲੈ ਕੇ ਵੱਡਾ ਨੇਤਾ ਬਣਨ ਦਾ ਸੁਫਨਾ ਲੈਂਦੀ, ਤਾਂ ਅੱਜ ਚਾਲੀ ਵਰ੍ਹਿਆਂ ਬਾਅਦ ਆਪਣੀ ਹੋਣੀ 'ਤੇ ਹੰਝੂ ਕੇਰਨ ਦੀ ਥਾਂ ਕਿਸੇ ਟੀ ਵੀ ਚੈਨਲ 'ਤੇ ਅਜਿਹਾ ਫੈਸਲਾ ਸੁਣਾ ਕੇ ਵਾਹ-ਵਾਹ ਖੱਟ ਰਹੀ ਹੁੰਦੀ।''

## ਬਿਊਟੀ ਟਿਪਸ

# ਨਾਰੀਅਲ ਤੇਲ ਵਧਾਉਂਦੈ ਤੁਹਾਡੇ ਪੈਰਾਂ ਦੀ ਖ਼ੂਬਸੂਰਤੀ



ਅਕਸਰ ਲੋਕ ਸਿਰਫ ਚਿਹਰੇ ਅਤੇ ਵਾਲਾਂ ਦੀ ਦੇਖਭਾਲ ਕਰਦੇ ਹਨ ਅਤੇ ਪੈਰਾਂ ਦੀ ਦੇਖਭਾਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਜਿੰਨਾ ਜ਼ਰੂਰੀ ਚਿਹਰੇ ਅਤੇ ਵਾਲਾਂ ਦੀ ਦੇਖਭਾਲ ਕਰਨਾ ਹੈ, ਓਨਾ ਜ਼ਰੂਰੀ ਪੈਰਾਂ ਦੀ ਦੇਖਭਾਲ ਕਰਨਾ ਹੁੰਦਾ ਹੈ। ਪੈਰਾਂ ਦੀ ਖ਼ੂਬਸੂਰਤੀ ਨੂੰ ਵਧਾਉਣ ਲਈ ਤੁਸੀਂ ਝਾਵਾਂ ਲੈ ਕੇ ਰਗੜ ਜਾਂ ਸਕਰਬ ਕਰ ਸਕਦੇ ਹੋ। ਸਕਰੱਬ ਤੁਹਾਡੇ ਪੈਰਾਂ ਦੇ ਮ੍ਰਿਤਕ ਸੈਲਾਂ ਦੀ ਪਰਤ ਉਤਾਰਨ ਵਿੱਚ ਮਦਦ ਕਰਦਾ ਹੈ।

ਨਾਰੀਅਲ ਤੇਲ ਨਾਲ ਬਣਿਆ ਸਕਰੱਬ ਤੁਹਾਡੇ ਪੈਰਾਂ ਨੂੰ ਖ਼ੂਬਸੂਰਤ ਬਣਾਉਣ ਦੇ ਨਾਲ-ਨਾਲ ਪੈਰਾਂ ਦੀ ਚਮੜੀ ਨੂੰ ਤੰਦਰੁਸਤ ਰੱਖਣ ਵਿੱਚ ਮਦਦ ਕਰਦਾ ਹੈ। ਨਾਰੀਅਲ ਤੇਲ ਵਿਚਲੇ ਨਮੀ ਵਾਲੇ ਤੱਤ ਪੈਰਾਂ ਦੀ ਚਮੜੀ ਨੂੰ ਨਰਮ ਕਰਦੇ ਹਨ ਜਿਸ ਨਾਲ ਚਮੜੀ ਵਿੱਚ ਨਿਖਾਰ ਆਉਂਦਾ ਹੈ।

ਨਾਰੀਅਲ ਵਿੱਚ ਸਿਹਤਮੰਦ ਚਰਬੀ ਮੌਜੂਦ ਹੁੰਦੀ ਹੈ ਜੋ ਪੈਰਾਂ ਦੀ ਚਮੜੀ ਨੂੰ ਨਮ ਕਰਦੇ ਹਨ ਜਿਸ ਨਾਲ ਚਮੜੀ ਦਾ ਰੁੱਖਾਪਨ ਵੀ ਘੱਟ ਹੋ ਜਾਂਦਾ ਹੈ ਅਤੇ ਮਰੇ ਸੈਲਾਂ ਦੀ ਪਰਤ ਉਤਾਰਨ ਪਿੱਛੋਂ ਚਮੜੀ ਸੁੱਕੀ ਵੀ ਨਹੀਂ ਹੁੰਦੀ। ਨਾਰੀਅਲ ਤੇਲ ਨਾਲ ਪੈਰਾਂ ਦੀ ਗੰਦਗੀ ਵੀ ਖਤਮ ਹੋ ਜਾਂਦੀ ਹੈ ਅਤੇ ਚਮੜੀ 'ਤੇ ਨਿਖਾਰ ਆ ਜਾਂਦਾ ਹੈ।

* ਇੱਕ ਚਮਚ ਨਾਰੀਅਲ ਤੇਲ ਵਿੱਚ ਇੱਕ ਚਮਚ ਸ਼ੀਆ ਬਟਰ ਅਤੇ ਇੱਕ ਚਮਚ ਖੰਡ ਮਿਲਾ ਕੇ ਇਸ ਨਾਲ ਪੈਰਾਂ ਦੀ ਚਮੜੀ ਨੂੰ ਸਕਰਬ ਕਰੋ। ਅਜਿਹਾ ਕਰਨ ਨਾਲ ਪੈਰਾਂ ਦੀ ਗੰਦਗੀ ਖਤਮ ਹੋ ਜਾਂਦੀ ਹੈ ਅਤੇ ਚਮੜੀ ਵਿੱਚ ਨਿਖਾਰ ਆ ਜਾਂਦਾ ਹੈ।
* ਕਾਲਾ ਨਮਕ ਵੀ ਪੈਰਾਂ ਦੀ ਖ਼ੂਬਸੂਰਤੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਦੋ ਚਮਚ ਨਾਰੀਅਲ ਤੇਲ ਵਿੱਚ ਤਿੰਨ ਚਮਚ ਕਾਲਾ ਨਮਕ ਮਿਲਾਓ ਅਤੇ ਉਸ ਨਾਲ ਪੈਰਾਂ ਨੂੰ ਰਗੜੋ ਜਾਂ ਸਕਰੱਬ ਕਰੋ। ਅਜਿਹਾ ਕਰਨਾ ਪੈਰਾਂ ਦੀ ਚਮੜੀ ਨੂੰ ਨਿਖਾਰਨ ਵਿੱਚ ਮਦਦ ਕਰਦਾ ਹੈ।
* ਨਾਰੀਅਲ ਤੇਲ ਤੇ ਸੀ ਸਾਲਟ ਪੈਰਾਂ ਦੇ ਮ੍ਰਿਤ ਸੈਲਾਂ ਨੂੰ ਖਤਮ ਕਰਦਾ ਹੈ ਅਤੇ ਪੈਰਾਂ ਦੀ ਖ਼ੂਬਸੂਰਤੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਇੱਕ ਕਟੋਰੀ ਵਿੱਚ ਨਾਰੀਅਲ ਤੇਲ ਪਾਓ ਅਤੇ ਉਸ ਵਿੱਚ ਦੋ ਚਮਚ ਸੀ-ਸਾਲਟ ਮਿਲਾਓ। ਇਸ ਮਿਸ਼ਰਣ ਨਾਲ ਪੈਰਾਂ ਨੂੰ ਸਕਰੱਬ ਕਰੋ। ਇਹ ਸਕਰੱਬ ਪੈਰਾਂ ਦੀ ਖ਼ੂਬਸੂਰਤੀ ਨੂੰ ਵਧਾਉਂਦਾ ਹੈ।

## ਰਸੋਈ

### ਅੰਬ ਦੀ ਲੱਸੀ

ਸਮੱਗਰੀ-ਇੱਕ ਅੰਬ, ਇੱਕ ਕਟੋਰੀ ਪੁਦੀਨੇ ਦੀਆਂ ਪੱਤੀਆਂ, ਨਮਕ ਸਵਾਦ ਅਨੁਸਾਰ, ਸ਼ਹਿਦ ਦੋ ਵੱਡੇ ਚਮਚ, ਬਰਫ ਪੰਜ-ਸੱਤ ਕਿਊਬਸ, ਤਾਜ਼ਾ ਦਹੀਂ ਇੱਕ ਕੱਪ, ਇੱਕ ਚੁਟਕੀ ਦਾਲਚੀਨੀ ਪਾਊਡਰ।

ਵਿਧੀ-ਕੱਚਾ ਅੰਬ ਛਿੱਲ ਲਓ ਅਤੇ ਗੁੱਦੇ ਦੇ ਛੋਟੇ ਛੋਟੇ ਟੁਕੜੇ ਕਰ ਲਓ। ਬਲੈਂਡਰ ਵਿੱਚ ਅੰਬ ਅਤੇ ਬਰਫ ਪਾ ਕੇ ਪੀਸ ਲਓ। ਫਿਰ ਪੁਦੀਨੇ ਦੀਆਂ ਪੱਤੀਆਂ, ਸ਼ਹਿਦ, ਦਾਲਚੀਨੀ ਪਾਊਡਰ, ਨਮਕ ਅਤੇ ਦਹੀ ਪਾ ਕੇ ਚੰਗੀ ਤਰ੍ਹਾਂ ਪੀਸ ਲਓ। ਦਹੀਂ ਖੱਟਾ ਨਹੀਂ ਹੋਣਾ ਚਾਹੀਦਾ। ਇਸ ਦੇ ਲਈ ਤਾਜ਼ਾ ਦਹੀਂ ਇਸਤੇਮਾਲ ਕਰੋ। ਇਸ ਦੇ ਇਲਾਵਾ ਇਸ ਵਿੱਚ ਸੁੱਕੇ ਮੇਵੇ ਵੀ ਪਾ ਕੇ ਪੀਸ ਸਕਦੇ ਹੋ। ਜੇ ਲੱਸੀ ਜ਼ਿਆਦਾ ਖੱਟੀ ਲੱਗ ਰਹੀ ਹੈ, ਤਾਂ ਇਸ ਵਿੱਚ ਹੋਰ ਸ਼ਹਿਦ ਪਾ ਕੇ ਸਕਦੇ ਹੋ। ਸ਼ਹਿਦ ਦੇ ਇਲਾਵਾ ਖੰਡ ਵੀ ਵਰਤ ਸਕਦੇ ਹੋ।

## 'ਪੀ ਐਮ ਕੇਅਰਜ਼; ਫੰਡ ਨੂੰ ਆਰ ਟੀ ਆਈ ਹੇਠ ਲਿਆਉਣ ਲਈ ਕੇਸ ਦਾਇਰ




ਮੁੰਬਈ, 23 ਜੂਨ (ਪੋਸਟ ਬਿਊਰੋ)- ਪੀ ਐਮ ਕੇਅਰਜ਼ (ਸਿਟੀਜ਼ਨ ਅਸਿਸਟੈਂਸ ਐਂਡ ਰਿਲੀਫ਼ ਇਨ ਐਮਰਜੈਂਸੀ ਸਿਚੂਏਸ਼ਨਜ਼) ਫੰਡ ਨੂੰ ਆਰ ਟੀ ਆਈ ਐਕਟ ਦੇ ਘੇਰੇ ਵਿੱਚ ਲਿਆਉਣ ਲਈ ਪੁਣੇ ਦੀ ਇੱਕ ਅਦਾਲਤ ਵਿੱਚ ਸਿਵਲ ਕੇਸ ਕੀਤਾ ਗਿਆ ਹੈ। ਇਹ ਕੇਸ ਵਕੀਲ ਤੌਸੀਫ਼ ਸ਼ੇਖ਼ ਨੇ ਸਮਾਜ ਸੇਵੀਆਂ ਰਾਜੇਸ਼ ਬਜਾਜ ਤੇ ਸਤੀਸ਼ ਗਾਇਕਵਾੜ, ਜੋ ਰਿਪਬਲਿਕਨ ਪਾਰਟੀ ਆਫ਼ ਇੰਡੀਆ (ਆਈ) ਨਾਲ ਸਬੰਧਤ ਹਨ, ਵੱਲੋਂ ਸ਼ਿਵਾਜੀਨਗਰ ਦੀ ਸੀਨੀਅਰ ਡਿਵੀਜ਼ਨ ਕੋਰਟ ਵਿੱਚ ਦਾਇਰ ਕੀਤਾ ਅਤੇ ਮੰਗ ਕੀਤੀ ਹੈ ਕਿ ਜੇ ਕੇਂਦਰ ਸਰਕਾਰ ਪੀ ਐਮ ਕੇਅਰਜ਼ ਫੰਡ ਨੂੰ ਸੂਚਨਾ ਦਾ ਅਧਿਕਾਰ ਐਕਟ (ਆਰ ਟੀ ਆਈ) ਦੇ ਘੇਰੇ ਵਿੱਚ ਨਹੀਂ ਲਿਆਉਂਦੀ ਤਾਂ ਇਸ ਨੂੰ ਕਾਨੂੰਨੀ ਤੌਰ 'ਤੇ ਰੱਦ ਕਰ ਕੇ ਇਸ ਲਈ ਦਿੱਤਾ ਸਾਰਾ ਦਾਨ ਵਾਪਸ ਮੋੜ ਦਿੱਤਾ ਜਾਵੇ ਜਾਂ ਇਸ ਪੈਸੇ ਨੂੰ ਕੋਵਿਡ-19 ਸੰਕਟ ਨਾਲ ਨਜਿੱਠ ਰਹੀ ਮਹਾਰਾਸ਼ਟਰ ਸਰਕਾਰ ਨੂੰ ਦਿੱਤਾ ਜਾਵੇ ਕਿਉਂਕਿ ਸੂਬਾ ਭਾਰਤ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਵਿਡ ਕੇਸ ਭਾਰਤ ਵਿੱਚ ਵਧਣ ਦੇ ਕਾਰਨ 28 ਮਾਰਚ ਨੂੰ 'ਕੇਅਰਜ਼ ਫੰਡ' ਦਾ ਐਲਾਨ ਕੀਤਾ ਸੀ, ਜਦ ਕਿ ਹੰਗਾਮੀ ਹਾਲਤਾਂ, ਆਫ਼ਤਾਂ ਅਤੇ ਮੈਡੀਕਲ ਸੰਕਟ ਲਈ ਪਹਿਲ ਹੀ 'ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ' ਮੌਜੂਦ ਹੈ। ਕੇਸ ਦਾਇਰ ਕਰਨ ਵਾਲਿਆਂ ਨੇ ਦਰਜ ਕੀਤਾ ਹੈ ਕਿ ਵੱਖਰੇ ਤੌਰ 'ਤੇ 'ਕੇਅਰਜ਼ ਫੰਡ' ਦੀ ਲੋੜ ਹੀ ਨਹੀਂ ਸੀ।

# ਚੀਨ ਨੂੰ ਸਬਕ ਸਿਖਾਉਣ ਲਈ ਭਾਰਤ ਨੇ ਓਥੇ ਐੱਮ-777 ਤੋਪਾਂ ਬੀੜੀਆਂ



ਜੰਮੂ, 23 ਜੂਨ (ਪੋਸਟ ਬਿਊਰੋ)- ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿੱਚ ਹਿੰਸਕ ਭੇੜ ਵਿੱਚ 20 ਫੌਜੀਆਂ ਦੇ ਮਾਰੇ ਜਾਣ ਪਿੱਛੋਂ ਭਾਰਤੀ ਫੌਜ ਵੀ ਸਖਤੀ ਦੇ ਰੌਅ ਵਿੱਚ ਹੈ। ਉਸ ਨੇ ਚੀਨ ਨੂੰ ਕਰਾਰਾ ਜਵਾਬ ਦੇਣ ਲਈ ਅਮਰੀਕਾ ਵਿੱਚ ਬਣੀਆਂ ਐੱਮ-777 ਹੋਵਿਟਜ਼ਰ ਤੋਪਾਂ ਤੈਨਾਤ ਕਰ ਦਿੱਤੀਆਂ ਹਨ। ਸਾਲ 1999 ਵਿੱਚ ਕਾਰਗਿਲ ਜੰਗ ਵਿੱਚ ਬੋਫਰਸ ਦੇ ਨਾਂਅ ਨਾਲ ਮਸ਼ਹੂਰ ਹੋਵਿਟਜ਼ਰ ਤੋਪਾਂ ਨੇ ਪਾਕਿਸਤਾਨ ਦੇ ਘੁਸਪੈਠੀਆਂ 'ਤੇ ਚੋਖਾ ਕਹਿਰ ਢਾਹਿਆ ਸੀ।

ਇਸ ਪਾਸੇ ਫੌਜ ਦੀ ਤਿਆਰੀ ਜਾਰੀ ਹੈ ਅਤੇ ਦੱਖਣੀ ਕੋਰੀਆ ਦੀਆਂ ਕੇ-9 ਵਜਰ ਤੋਪਾਂ ਵੀ ਛੇਤੀ ਹੀ ਇਸ ਜੰਗੀ ਖੇਤਰ ਵਿੱਚ ਉਤਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਨਾਲ ਫੌਜ ਦੀ ਮਾਰਕ ਸਮਰੱਥਾ ਹੋਰ ਵਧੀ ਹੈ ਅਤੇ ਲੱਦਾਖ ਵਿੱਚ ਫੌਜ ਦੀ ਆਰਟਿਲਰੀ ਰੈਜ਼ੀਮੈਂਟ ਨੂੰ ਨਵੀਂ ਤਾਕਤ ਮਿਲੇਗੀ। ਫੌਜ ਦੇ ਆਰਟਿਲਰੀ ਅਧਿਕਾਰੀ ਨੇ ਦੱਸਿਆ ਕਿ ਚੀਨ ਦੀ ਕੋਈ ਵੀ ਹਿਮਾਕਤ ਉਸ ਨੂੰ ਭਾਰੀ ਪਵੇਗੀ। ਲੱਦਾਖ ਵਿੱਚ ਚੀਨੀ ਫੌਜ ਬਾਰੇ ਭਾਰਤੀ ਫੌਜ ਦੀ ਨੀਤੀ ਸ਼ੁਰੂ ਤੋਂ ਸਪੱਸ਼ਟ ਰਹੀ ਹੈ। ਅਜਿਹੇ ਵਿੱਚ ਇੱਕ ਪਾਸੇ ਅਸਲ ਕੰਟਰੋਲ ਲਾਈਨ 'ਤੇ ਸ਼ਾਂਤੀ ਬਣਾਈ ਰੱਖਣ ਲਈ ਚੀਨ ਨਾਲ ਬਾਰਡਰ ਪਰਸਨਲ ਬੈਠਕਾਂ ਜਾਰੀ ਰਹੀਆਂ ਤਾਂ ਦੂਜੇ ਪਾਸੇ ਫੌਜ ਦੇ ਆਧੁਨਿਕੀਕਰਨ ਦੀ ਮੁਹਿੰਮ ਲਗਾਤਾਰ ਜਾਰੀ ਹੈ। ਗਲਵਾਨ ਵਿੱਚ ਚੀਨੀ ਫੌਜ ਨਾਲ ਹਿੰਸਕ ਝੜਪ ਨਾਲ ਪੈਦਾ ਹੋਏ ਹਾਲਾਤ ਵਿੱਚ ਪੂਰਬੀ ਲੱਦਾਖ ਵਿੱਚ ਭਾਰਤੀ ਫੌਜ ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣ ਲਈ ਤਿਆਰ ਹੈ।

ਕਾਰਗਿਲ ਜੰਗ ਵਿੱਚ ਨਾਗਾ ਰੈਜ਼ੀਮੈਂਟ ਦੀ ਕਮਾਨ ਸੰਭਾਲ ਚੁੱਕੇ ਫੌਜ ਦੇ ਸੇਵਾਮੁਕਤ ਬ੍ਰਿਗੇਡੀਅਰ ਡੀ ਕੇ ਬਡੋਲਾ ਕਹਿੰਦੇ ਹਨ ਕਿ ਉਸ ਜੰਗ ਦੇ 21 ਸਾਲ ਬਾਅਦ ਲੱਦਾਖ ਵਿੱਚ ਭਾਰਤੀ ਫੌਜ ਮਜ਼ਬੂਤ ਸਥਿਤੀ ਵਿੱਚ ਹੈ। ਸਾਡੇ ਕੋਲ ਚੰਗਾ ਸਮਾਨ, ਤੋਪਖਾਨਾ, ਆਧੁਨਿਕ ਫਾਈਟਰ ਜਹਾਜ਼ਾਂ ਨਾਲ ਦੁਸ਼ਮਣ ਤੱਕ ਛੇਤੀ ਪਹੁੰਚ ਦੇ ਲਈ ਤਿੰਨ ਐਡਵਾਂਸ ਲੈਂਡਿੰਗ ਗਰਾਊਂਡ ਅਤੇ ਬਿਹਤਰ ਸੜਕਾਂ ਦਾ ਨੈੱਟਵਰਕ ਹੈ। ਸਾਡੀ ਫੌਜ ਨੇ ਕਾਰਗਿਲ ਜੰਗ ਵਿੱਚੋਂ ਬਹੁਤ ਕੁਝ ਸਿੱਖਿਆ ਹੈ। ਲੋੜ ਪੈਣ 'ਤੇ ਇਸ ਦਾ ਇਸਤੇਮਾਲ ਚੀਨ ਖਿਲਾਫ ਹੋ ਸਕਦਾ ਹੈ। ਇਸ ਲਈ ਲੱਦਾਖ ਵਿੱਚ ਲੰਬੀ ਤਿਆਰੀ ਕੀਤੀ ਹੈ।

### ਸੁਸ਼ਾਂਤ ਸੁਸਾਈਡ ਦਾ ਅਸਰ

## ਟੀ ਸੀਰੀਜ਼ ਦੇ ਮਾਲਕ ਉੱਤੇ ਸੋਨੂੰ ਨਿਗਮ ਨੇ ਗੰਭੀਰ ਦੋਸ਼ ਲਾਏ



ਮੁੰਬਈ, 23 ਜੂਨ (ਪੋਸਟ ਬਿਊਰੋ)- ਬਾਲੀਵੁੱਡ ਗਾਇਕ ਸੋਨੂੰ ਨਿਗਮ ਨੇ ਕੱਲ੍ਹ ਇੱਕ ਵੀਡੀਓ ਜਾਰੀ ਕਰ ਕੇ ਮਿਊਜ਼ਿਕ ਇੰਡਸਟਰੀ ਵਿੱਚ ਚੱਲਦੀ ਗਰੁੱਪਬਾਜ਼ੀ ਅਤੇ ਭਾਈ-ਭਤੀਜਾਵਾਦ ਬਾਰੇ ਆਪਣਾ ਗੁੱਸਾ ਜ਼ਾਹਿਰ ਕੀਤਾ ਹੈ।

ਇਸ ਵੀਡੀਓ ਵਿੱਚ ਸੋਨੂੰ ਨੇ ਖੁੱਲ੍ਹ ਕੇ ਟੀ ਸੀਰੀਜ਼ ਅਤੇ ਉਸ ਦੇ ਮਾਲਕ ਭੂਸ਼ਣ ਕੁਮਾਰ ਉੱਤੇ ਜਾਣਬੁੱਝ ਕੇ ਗਲਤ ਖਬਰਾਂ ਚਲਵਾਉਣ ਦਾ ਦੋਸ਼ ਲਾਇਆ ਤੇ ਕਿਹਾ, ਭੂਸ਼ਣ ਕੁਮਾਰ, ਤੇਰਾ ਨਾਂਅ ਮੈਨੂੰ ਲੈਣਾ ਹੀ ਪਵੇਗਾ ਅਤੇ ਤੂੰ ਇਸੇ ਲਾਇਕ ਏਂ। ਤੂੰ ਗਲਤ ਆਦਮੀ ਨਾਲ ਪੰਗਾ ਲੈ ਲਿਆ ਹੈ। ਤੂੰ ਭੁੱਲ ਗਿਆ ਉਹ ਸਮਾਂ, ਜਦ ਤੂੰ ਮੇਰੇ ਘਰ ਆ ਕੇ ਕਹਿੰਦਾ ਸੀ, ਭਾਈ ਮੇਰੀ ਐਲਬਮ ਕਰ ਲੈ, ਭਾਈ 'ਦੀਵਾਨਾ' ਕਰ ਦੇ, ਭਾਈ ਮੈਨੂੰ ਸਹਾਰਾ ਸ੍ਰੀ ਨਾਲ ਮਿਲਵਾ ਦੇ, ਸਮਿਤਾ ਠਾਕਰੇ ਨਾਲ ਮਿਲਵਾ ਦੇ, ਭਾਈ ਬਾਲ ਠਾਕਰੇ ਨਾਲ ਮਿਲਵਾ ਦੇ, ਭਾਈ ਅਬੂ ਸਲੇਮ ਤੋਂ ਬਚਾ ਲੈ, ਯਾਦ ਹੈ ਨਾ ਅਬੂ ਸਲੇਮ ਤੋਂ ਬਚਾ ਲੈ। ਮੈਂ ਤੈਨੂੰ ਕਹਿ ਰਿਹਾ ਹਾਂ ਕਿ ਤੂੰ ਮੇਰੇ ਮੂੰਹ ਨਾ ਲੱਗੀਂ। ਮਰੀਨਾ ਕੁੰਵਰ ਯਾਦ ਹੈ ਨਾ? ਉਹ ਕਿਉਂ ਬੋਲੀ ਅਤੇ ਕਿਉਂ ਬੈਕ ਆਊਟ ਹੋਈ? ਇਹ ਮੈਨੂੰ ਨਹੀਂ ਪਤਾ, ਮੀਡੀਆ ਨੂੰ ਪਤਾ ਹੈ। ਉਸ ਦਾ ਵੀਡੀਓ ਮੇਰੇ ਕੋਲ ਪਿਆ ਹੈ। ਜੇ ਤੂੰ ਮੇਰੇ ਨਾਲ ਪੰਗਾ ਲਿਆ ਤਾਂ ਉਸ ਦਾ ਵੀਡੀਓ ਮੈਂ ਆਪਣੇ ਯੂ ਟਿਊਬ ਚੈਨਲ 'ਤੇ ਅਪਲੋਡ ਕਰ ਦਿਆਂਗਾ ਅਤੇ ਬਹੁਤ ਧੂਮਧਾਮ ਨਾਲ ਅਪਲੋਡ ਕਰਾਂਗਾ। ਮੇਰੇ ਮੂੰਹ ਨਾ ਲੱਗਣਾ...।"

ਸੁਸ਼ਾਂਤ ਸਿੰਘ ਰਾਜਪੂਤ ਦੇ ਸੁਸਾਈਡ ਪਿੱਛੋਂ ਜਦ ਬਾਲੀਵੁੱਡ ਵਿੱਚ ਧੜੇਬਾਜ਼ੀ ਦਾ ਮਾਮਲਾ ਗਰਮਾਇਆ ਤਾਂ ਸੋਨੂੰ ਨਿਗਮ ਨੇ ਮਿਊਜ਼ਿਕ ਇੰਡਸਟਰੀ ਵਿੱਚ ਵੀ ਇਸ ਦੀ ਹੋਂਦ ਦੀ ਗੱਲ ਕਹੀ ਸੀ। ਕੱਲ੍ਹ ਦੂਸਰੇ ਵੀਡੀਓ ਵਿੱਚ ਸੋਨੂੰ ਨੇ ਭੂਸ਼ਣ ਕੁਮਾਰ ਦਾ ਨਾਂਅ ਲਿਆ ਹੈ ਅਤੇ ਉਨ੍ਹਾਂ ਨੂੰ ਐਕਸਪੋਜ਼ ਕਰਨ ਦੀ ਧਮਕੀ ਦਿੱਤੀ। ਉਨ੍ਹਾਂ ਨੇ ਇਸ ਵੀਡੀਓ ਦੇ ਕੈਪਸ਼ਨ ਵਿੱਚ ਲਿਖਿਆ ਹੈ, "ਲਾਤੋਂ ਕੇ ਮਾਫੀਆ ਬਾਤੋਂ ਸੇ ਨਹੀਂ ਮਾਨਤੇ।" ਸੋਨੂੰ ਨੇ ਪਿਛਲੇ ਵੀਡੀਓ ਵਿਚ ਕਿਸੇ ਦਾ ਨਾਂਅ ਨਹੀਂ ਲਿਆ ਅਤੇ ਕਿਹਾ ਸੀ ਕਿ "ਤੁਸੀਂ ਲੋਕ ਨਵੇਂ ਲੋਕਾਂ ਦੇ ਨਾਲ ਪਿਆਰ ਨਾਲ ਰਹੋ। ਸੁਸਾਈਡ ਹੋ ਜਾਣ ਦੇ ਬਾਅਦ ਰੋਣ ਤੋਂ ਚੰਗਾ ਹੈ ਕਿ ਮਾਹੌਲ ਨੂੰ ਪਹਿਲਾਂ ਸੁਧਾਰ ਲਿਆ ਜਾਏ, ਪਰ ਮਾਫੀਆ ਹਨ ਤਾਂ ਮਾਫੀਆ ਦੀ ਤਰ੍ਹਾਂ ਕੰਮ ਕਰਨਗੇ। ਉਨ੍ਹਾਂ ਨੇ ਛੇ ਮਹੀਨ ਲੋਕਾਂ ਨੂੰ ਕਿਹਾ ਹੈ ਕਿ ਉਹ ਮੇਰੇ ਖਿਲਾਫ ਇੰਟਰਵਿਊ ਦੇਣ। ਉਨ੍ਹਾਂ ਵਿੱਚੋਂ ਕੁਝ ਮੇਰੇ ਬੇਹੱਦ ਨਜ਼ਦੀਕੀ ਹਨ, ਪਰ ਉਨ੍ਹਾਂ ਨੂੰ ਅਲੱਗ ਹੋ ਕੇ ਬੋਲਣਾ ਪੈ ਰਿਹਾ ਹੈ।" ਇੱਕ ਮੀਡੀਆ ਹਾਊਸ ਨੂੰ ਵੀ ਸੋਨੂੰ ਨੇ ਲੰਮੇ ਹੱਥੀਂ ਲੈਂਦੇ ਹੋਏ ਕਿਹਾ ਕਿ ਇਸ ਦਾ ਪਰਦਾ ਫਾਸ਼ ਹੋ ਗਿਆ ਹੈ ਕਿ ਪ੍ਰੈੱਸ ਰਿਲੀਜ਼ ਤੁਸੀਂ ਜਿਉਂ ਦੀ ਤਿਉਂ ਉਤਾਰ ਦਿੱਤੀ।

ਇਸ ਦੌਰਾਨ ਭੂਸ਼ਣ ਕੁਮਾਰ ਦੀ ਪਤਨੀ ਦਿਵਿਆ ਕੁਮਾਰ ਖੋਸਲਾ ਨੇ ਸੋਨੂੰ 'ਤੇ ਝੂਠਾ ਕੈਂਪੇਨ ਚਲਾਉਣ ਦਾ ਦੋਸ਼ ਲਾਉਂਦੇ ਹੋਏ ਉਨ੍ਹਾਂ ਨੂੰ ਅਹਿਸਾਨ ਫਰਾਮੋਸ਼ ਦੱਸਿਆ ਅਤੇ ਯਾਦ ਦਿਵਾਇਆ ਕਿ ਉਨ੍ਹਾਂ ਦੀ ਕੰਪਨੀ ਟੀ-ਸੀਰੀਜ਼ ਨੇ ਉਨ੍ਹਾਂ ਨੂੰ ਬ੍ਰੇਕ ਦਿੱਤਾ ਸੀ।

ਵਰਨਣ ਯੋਗ ਹੈ ਕਿ 'ਸ਼ਪਥ', 'ਸੀ ਆਈ ਡੀ' ਅਤੇ 'ਆਹਟ' ਵਰਗੇ ਸੀਰੀਅਲ ਵਿੱਚ ਨਜ਼ਰ ਆ ਚੁੱਕੀ ਮਰੀਨਾ ਕੁੰਵਰ ਇੱਕ ਅਭਿਨੇਤਰੀ ਅਤੇ ਮਾਡਲ ਹੈ ਜਿਸ ਨੇ 2018 ਵਿੱਚ ਭੂਸ਼ਣ ਕੁਮਾਰ 'ਤੇ ਮੀ ਟੂ ਦਾ ਦੋਸ਼ ਲਾਇਆ ਸੀ।

## ਅੰਬਾਲਾ ਵਿੱਚ ਸਕੂਟੀ ਸਵਾਰ ਵਿਅਕਤੀ ਤੋਂ 72.35 ਲੱਖ ਲੁੱਟੇ



ਅੰਬਾਲਾ, 23 ਜੂਨ (ਪੋਸਟ ਬਿਊਰੋ)- ਇਥੇ ਲੁਟੇਰਿਆਂ ਨੇ ਗੁਜਰਾਤ ਦੀ ਇੱਕ ਕੰਪਨੀ ਦੇ ਸਕੂਟੀ ਸਵਾਰ ਕਰਮਚਾਰੀ ਤੋਂ 72.35 ਲੱਖ ਰੁਪਏ ਲੁੱਟ ਲਏ ਅਤੇ ਫਰਾਰ ਹੋ ਗਏ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਸ਼ਿਕਾਇਤ ਕਰਤਾ ਨੇ ਦੱਸਿਆ ਕਿ ਮੋਟਰ ਸਾਈਕਲ ਸਵਾਰ ਤਿੰਨ ਨਕਾਬਪੋਸ਼ਾਂ ਨੇ ਉਸ ਤੋਂ ਪੈਸੇ ਲੁੱਟ ਲਏ, ਜਿਨ੍ਹਾਂ ਨੂੰ ਉਹ ਬੈਗ ਵਿੱਚ ਰੱਖ ਕੇ ਸਕੂਟੀ 'ਤੇ ਲਿਜਾ ਰਿਹਾ ਸੀ। ਖੇਤੀ ਮਸ਼ੀਨਰੀ ਨਾਲ ਜੁੜੀ ਕੰਪਨੀ ਦੇ ਕਰਮਚਾਰੀ ਨੇ ਪੁਲਸ ਨੂੰ ਦੱਸਿਆ ਕਿ ਅੰਬਾਲਾ-ਜਗਾਧਰੀ ਮਾਰਗ 'ਤੇ ਖੁੱਡਾ ਪਿੰਡ ਦੇ ਨੇੜੇ ਇਹ ਘਟਨਾ ਹੋਈ ਹੈ। ਕੰਪਨੀ ਦੇ ਕਰਮਚਾਰੀ ਵਿਨੋਦ ਪਟੇਲ ਦੀ ਸ਼ਿਕਾਇਤ 'ਤੇ ਅੰਬਾਲਾ ਜ਼ਿਲੇ ਦੇ ਮਹੇਸ਼ ਨਗਰ ਥਾਣੇ ਵਿੱਚ ਤਿੰਨ ਅਣਪਛਾਤੇ ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪਟੇਲ ਅੰਬਾਲਾ ਸ਼ਹਿਰ ਦੇ ਸੈਕਟਰ 1 ਵਿੱਚ ਕਿਰਾਏ 'ਤੇ ਰਹਿੰਦੇ ਹਨ। ਉਨ੍ਹਾਂ ਨੇ ਸ਼ਿਕਾਇਤ ਵਿੱਚ ਕਿਹਾ ਕਿ ਉਹ ਐਤਵਾਰ ਨੂੰ ਸਕੂਟੀ 'ਤੇ ਜਗਾਧਰੀ ਜਾ ਰਿਹਾ ਸੀ ਅਤੇ 72.35 ਲੱਖ ਰੁਪਏ ਨਾਲ ਭਰਿਆ ਬੈਗ ਅੱਗੇ ਰੱਖਿਆ ਸੀ। ਇਸ ਰਕਮ ਦਾ ਕਿਸੇ ਨੂੰ ਭੁਗਤਾਨ ਕੀਤਾ ਜਾਣਾ ਸੀ। ਉਨ੍ਹਾਂ ਨੇ ਦੱਸਿਆ ਕਿ ਜਦ ਉਹ ਅੰਬਾਲਾ ਛਾਉਣੀ ਨੂੰ ਪਾਰ ਕਰ ਰਹੇ ਸਨ ਕਿ ਤਦ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ ਉਨ੍ਹਾਂ ਦੀ ਸਕੂਟੀ ਨੂੰ ਰੁਕਵਾ ਲਿਆ। ਇਨ੍ਹਾਂ ਵਿੱਚੋਂ ਇੱਕ ਲੁਟੇਰਾ ਉਨ੍ਹਾਂ ਦੀ ਸਕੂਟੀ 'ਤੇ ਉਨ੍ਹਾਂ ਦੇ ਪਿੱਛੇ ਬੈਠ ਗਿਆ ਅਤੇ ਪਿਸਤੌਲ ਤਾਣ ਦਿੱਤੀ। ਜਦ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਲੁਟੇਰਿਆਂ ਨੇ ਉਨ੍ਹਾਂ ਦੇ ਬੈਗ ਨੂੰ ਸੁੱਟ ਦਿੱਤਾ। ਬਾਅਦ ਵਿੱਚ ਉਹ ਬੈਗ ਲੈ ਕੇ ਜਗਾਧਰੀ ਵੱਲ ਫਰਾਰ ਹੋ ਗਏ। ਪਟੇਲ ਨੇ ਇਸ ਦੇ ਬਾਅਦ ਘਟਨਾ ਦੀ ਸੂਚਨਾ ਪੁਲਸ ਅਤੇ ਕੰਪਨੀ ਦੇ ਮੈਨੇਜਰ ਨੂੰ ਦਿੱਤੀ।

## ਇੰਦੌਰ ਦੀ ਸਿਗਰੇਟ ਕੰਪਨੀ 'ਚ 105 ਕਰੋੜ ਦੀ ਜੀ ਐਸ ਟੀ ਚੋਰੀ ਫੜੀ




ਭੋਪਾਲ, 23 ਜੂਨ (ਪੋਸਟ ਬਿਊਰੋ)- ਜੀ ਐਸ ਟੀ ਖੁਫੀਆ ਅਧਿਕਾਰੀਆਂ ਨੇ ਇੰਦੌਰ ਵਿਚਲੀ ਸਿਗਰੇਟ ਬਣਾਉਣ ਵਾਲੀ ਕੰਪਨੀ ਦੀ 105 ਕਰੋੜ ਰੁਪਏ ਦੀ ਟੈਕਸ ਚੋਰੀ ਦਾ ਪਤਾ ਲਾਇਆ ਹੈ। ਕੰਪਨੀ ਨੇ ਪਿਛਲੇ ਇੱਕ ਸਾਲ ਦੌਰਾਨ ਇਹ ਚੋਰੀ ਕੀਤੀ ਹੈ। ਅਸਲ ਵਿੱਚ ਕੰਪਨੀ ਨੇ ਆਪਣੇ ਕਾਰਖਾਨੇ ਦੇ ਪਿਛਲੇ ਹਿੱਸੇ ਖੁਫੀਆ ਰਸਤਾ ਰੱਖਿਆ ਹੋਇਆ ਸੀ, ਜਿੱਥੋਂ ਬਿਨਾਂ ਹਿਸਾਬ-ਕਿਤਾਬ ਰੱਖੇ ਕੱਚਾ ਮਾਲ ਲਿਆਂਦਾ ਜਾਂਦਾ ਅਤੇ ਤਿਆਰ ਮਾਲ ਬਾਹਰ ਭੇਜਿਆ ਜਾਂਦਾ ਸੀ।

ਪਤਾ ਲੱਗਾ ਹੈ ਕਿ ਏਥੇ ਮਸ਼ੀਨਾਂ ਨੂੰ ਚਲਾਉਣ ਦੇ ਲਈ ਜੈਨਰੇਟਰ ਸੈੱਟਾਂ ਦੀ ਵਰਤੋਂ ਕੀਤੀ ਜਾਂਦੀ ਸੀ, ਤਾਂ ਜੋ ਉਤਪਾਦਨ ਘੱਟ ਦਿਖਾਇਆ ਜਾ ਸਕੇ। ਜਿੰਨੇ ਉਤਪਾਦਨ ਦਾ ਹਿਸਾਬ ਰੱਖਿਆ ਜਾਂਦਾ ਸੀ, ਉਸ ਵਿੱਚ ਦਾ ਖਰੀਦਦਾਰ ਵੀ ਫਰਜ਼ੀ ਸੀ। ਇਸ ਕਾਰਖਾਨੇ ਤੋਂ ਪਿਛਲੇ ਦੋ ਵਿੱਤ ਸਾਲਾਂ ਦੌਰਾਨ ਸਿਰਫ 2.09 ਕਰੋੜ ਰੁਪਏ ਅਤੇ 1.46 ਕਰੋੜ ਰੁਪਏ ਦਾ ਜੀ ਐਸ ਟੀ ਭੁਗਤਾਨ ਕੀਤਾ ਗਿਆ। ਜੀ ਐਸ ਟੀ ਡਾਇਰੈਕਟੋਰੇਟ ਜਨਰਲ ਇੰਟੈਲੀਜੈਂਸ (ਡੀ ਜੀ ਜੀ ਆਈ) ਵੱਲੋਂ ਕੱਲ੍ਹ ਜਾਰੀ ਅਧਿਕਾਰਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ।

ਡੀ ਜੀ ਜੀ ਆਈ ਵੱਲੋਂ ਨੌ ਤੋਂ 12 ਜੂਨ ਵਿਚਾਲੇ ਚੱਲੇ 'ਅਪਰੇਸ਼ਨ ਕਰਕ' ਵਿੱਚ ਕਰੀਬ 400 ਕਰੋੜ ਰੁਪਏ ਦੀ ਜੀ ਐਸ ਟੀ ਚੋਰੀ ਫੜੀ ਗਈ ਹੈ। ਇਸ ਚੋਰੀ ਦੇ ਮਾਸਟਰ ਮਾਈਂਡ ਨੂੰ 15 ਜੂਨ ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਤੋਂ ਪੁੱਛਗਿੱਛ ਵਿੱਚ ਇੰਦੌਰ ਦੇ ਇਸ ਕਾਰਖਾਨੇ ਦਾ ਪਤਾ ਲੱਗਾ। ਉਸ ਨੇ ਇੱਕ ਮੀਡੀਆ ਹਾਊਸ ਵੀ ਖੋਲ੍ਹਿਆ ਹੋਇਆ ਹੈ ਜਿਸ ਵਿੱਚ ਦੱਸਿਆ ਗਿਆ ਕਿ ਉਸ ਦੀ ਅਖ਼ਬਾਰ ਦੀ ਕੁਲ ਛਪਣ ਗਿਣਤੀ ਡੇਢ ਲੱਖ ਕਾਪੀਆਂ ਹੈ, ਜਦ ਕਿ ਅਸਲ ਵਿੱਚ ਉਸ ਦੀ ਸਰਕੁਲੇਸ਼ਨ ਸਿਰਫ ਚਾਰ ਤੋਂ ਪੰਜ ਹਜ਼ਾਰ ਕਾਪੀਆਂ ਰੋਜ਼ਾਨਾ ਹੈ।

## ਧੜੱਲੇ ਨਾਲ ਚੱਲਦੀ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਸਰਕਾਰ ਅੱਖਾਂ ਮੀਟੀ ਬੈਠੀ ਹੈ: ਹਾਈ ਕੋਰਟ




ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਪੰਜਾਬ ਵਿੱਚ ਵੱਡੇ ਪੱਧਰ 'ਤੇ ਗ਼ੈਰ-ਕਾਨੂੰਨੀ ਮਾਈਨਿੰਗ ਧੜੱਲੇ ਨਾਲ ਚੱਲ ਰਹੀ ਹੈ ਅਤੇ ਸਰਕਾਰ ਅੱਖਾਂ ਮੀਟੀ ਬੈਠੀ ਹੈ। ਇਸ ਤੋਂ ਸਪੱਸ਼ਟ ਹੈ ਕਿ ਜਿਨ੍ਹਾਂ ਨੇ ਗ਼ੈਰ-ਕਾਨੂੰਨੀ ਮਾਈਨਿੰਗ 'ਤੇ ਨਜ਼ਰ ਰੱਖਣੀ ਹੈ, ਉਹੀ ਦੋਸ਼ੀਆਂ ਨਾਲ ਮਿਲੇ ਹੋਏ ਹਨ।

ਕੱਲ੍ਹ ਇੱਕ ਗ਼ੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ੀ ਨੂੰ ਅੰਤ੍ਰਿਮ ਜ਼ਮਾਨਤ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਹ ਸਖ਼ਤ ਟਿੱਪਣੀ ਕਰਦਿਆਂ ਡਾਇਰੈਕਟਰ ਮਾਈਨਿੰਗ ਅਤੇ ਜਿਆਲੋਜੀ ਨੂੰ ਨਾ ਸਿਰਫ਼ ਇਸ ਕੇਸ ਵਿੱਚ ਧਿਰ ਬਣਾ ਲਿਆ, ਸਗੋਂ ਉਸ ਨੂੰ ਹਦਾਇਤ ਕੀਤੀ ਹੈ ਕਿ ਉਹ ਐਫੀਡੇਵਿਟ ਨਾਲ ਜਾਣਕਾਰੀ ਦੇਵੇ ਕਿ ਗ਼ੈਰ-ਕਾਨੂੰਨੀ ਮਾਈਨਿੰਗ ਰੋਕਣ ਵਾਲੇ ਅਫ਼ਸਰਾਂ ਨੂੰ ਕੀ ਹਦਾਇਤਾਂ ਕੀਤੀਆਂ ਗਈਆਂ ਹਨ ਅਤੇ ਸੂਬੇ 'ਚ ਗ਼ੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਕੀ ਕਾਰਵਾਈ ਕੀਤੀ ਗਈ ਹੈ ਅਤੇ ਨਾਲ ਇਹ ਜਾਣਕਾਰੀ ਦੇਵੇ ਕਿ ਦੋਸ਼ੀਆਂ ਵਿਰੁੱਧ ਅਦਾਲਤੀ ਕਾਰਵਾਈ ਅਤੇ ਉਨ੍ਹਾਂ ਦੀ ਫੜੋ-ਫੜੀ ਲਈ ਕੀ ਕੀਤਾ ਗਿਆ ਹੈ। ਜਸਟਿਸ ਅਰੁਣ ਕੁਮਾਰ ਤਿਆਗੀ ਨੇ ਕਿਹਾ ਕਿ ਡਾਇਰੈਕਟਰ ਦੇ ਹਾਈ ਕੋਰਟ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਏ ਬਗ਼ੈਰ ਇਸ ਕੇਸ ਵਿੱਚ ਕਿਸੇ ਸਿੱਟੇ 'ਤੇ ਨਹੀਂ ਪਹੁੰਚਿਆ ਜਾ ਸਕਦਾ, ਇਸ ਲਈ ਉਹ ਖ਼ੁਦ ਪੇਸ਼ ਹੋ ਕੇ ਜਵਾਬ ਦੇਵੇ।

ਵਰਨਣ ਯੋਗ ਹੈ ਕਿ ਰਾਹੋਂ ਥਾਣੇ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ 'ਚ ਨਾਮਜ਼ਦ ਬਲਵਿੰਦਰ ਸਿੰਘ ਨਾਂਅ ਦੇ ਇੱਕ ਦੋਸ਼ੀ ਨੇ ਐਡਵੋਕੇਟ ਫੈਰੀ ਸੋਫਤ ਰਾਹੀਂ ਜ਼ਮਾਨਤ ਅਰਜ਼ੀ ਵਿੱਚ ਕਿਹਾ ਸੀ ਕਿ ਉਸ ਨੂੰ ਬੇਵਜ੍ਹਾ ਫਸਾਇਆ ਗਿਆ ਹੈ ਅਤੇ ਅਸਲੀਅਤ ਕੁਝ ਹੋਰ ਹੈ। ਹਾਈ ਕੋਰਟ ਨੇ ਇਸੇ ਪਟੀਸ਼ਨ 'ਤੇ ਨੋਟਿਸ ਜਾਰੀ ਕਰ ਕੇ ਕਿਹਾ ਕਿ ਸੈਸ਼ਨ ਜੱਜ ਨਵਾਂ ਸ਼ਹਿਰ ਨੇ ਜ਼ਮਾਨਤ ਨਾ ਰੱਦ ਕਰਦਿਆਂ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਵੱਡੇ ਪੱਧਰ 'ਤੇ ਗ਼ੈਰ-ਕਾਨੂੰਨੀ ਮਾਈਨਿੰਗ ਚੱਲ ਰਹੀ ਹੈ ਤੇ ਸਰਕਾਰ ਅੱਖਾਂ ਮੀਟੀ ਬੈਠੀ ਹੈ ਅਤੇ ਡੀ ਐਸ ਪੀ ਹਰਮੀਲ ਸਿੰਘ ਨੇ ਵੀ ਆਪਣੇ ਜਵਾਬ ਵਿੱਚ ਹਾਈ ਕੋਰਟ ਨੂੰ ਇਹੋ ਕੁਝ ਕਿਹਾ ਹੈ। ਸੈਸ਼ਨ ਜੱਜ ਦੇ ਇਸ ਹੁਕਮ ਨੂੰ ਆਪਣੇ ਅੰਤ੍ਰਿਮ ਹੁਕਮ ਦਾ ਹਿੱਸਾ ਬਣਾਉਂਦਿਆਂ ਹਾਈ ਕੋਰਟ ਨੇ ਡਾਇਰੈਕਟਰ ਮਾਈਨਿੰਗ ਕੋਲੋਂ ਐਫੀਡੇਵਿਟ 'ਤੇ ਜਵਾਬ ਮੰਗਿਆ ਹੈ।

## ਆਨਲਾਈਨ ਪੜ੍ਹਾਈ ਤੋਂ ਬੱਚਿਆਂ ਦੀ ਸਿਹਤ ਨੂੰ ਖ਼ਤਰੇ ਬਾਰੇ ਰਾਜ ਸਰਕਾਰ ਨੂੰ ਨੋਟਿਸ ਜਾਰੀ



ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲੱਗੇ ਲਾਕਡਾਊਨ ਦੇ ਕਾਰਨ ਬੰਦ ਪਏ ਸਕੂਲਾਂ ਦੇ ਸੰਚਾਲਕਾਂ ਵੱਲੋਂ ਆਨਲਾਈਨ ਐਜੂਕੇਸ਼ਨ ਦੇ ਨਾਮ 'ਤੇ ਫੀਸ ਵਸੂਲੀ ਦੀ ਮੰਗ ਨੂੰ ਝਟਕਾ ਲਗਾ ਹੈ, ਕਿਉਂਕਿ ਆਨਲਾਈਨ ਕਲਾਸਿਜ਼ ਨੂੰ ਬੱਚਿਆਂ ਦੀ ਸਿਹਤ ਲਈ ਖ਼ਤਰਾ ਦੱਸਦੇ ਹੋਏ ਇੱਕ ਅਰਜ਼ੀ ਹਾਈ ਕੋਰਟ ਵਿੱਚ ਪੇਸ਼ ਹੋਈ ਅਤੇ ਕੋਰਟ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਸਰਕਾਰ, ਸਿੱਖਿਆ ਬੋਰਡ, ਨਿੱਜੀ ਸਕੂਲ ਸੰਚਾਲਕਾਂ ਅਤੇ ਹੋਰ ਸੰਬੰਧਿਤ ਵਿਭਾਗਾਂ ਨੂੰ ਨੋਟਿਸ ਜਾਰੀ ਕਰ ਕੇ 13 ਜੁਲਾਈ ਤੱਕ ਜਵਾਬ ਦਾਖ਼ਲ ਕਰਨ ਨੂੰ ਕਿਹਾ ਹੈ।

ਇਸ ਨਵੀਂ ਅਰਜ਼ੀ ਵਿੱਚ ਮੰਗ ਕੀਤੀ ਗਈ ਹੈ ਕਿ ਆਨਲਾਈਨ ਕਲਾਸਾਂ ਲਾਉਣ ਤੋਂ ਪਹਿਲਾਂ ਮਾਹਰਾਂ ਦੀ ਸਲਾਹ ਲੈਣੀ ਜ਼ਰੂਰੀ ਹੈ, ਜਿਸ ਦੇ ਬਾਅਦ ਉਮਰ ਦੇ ਹਿਸਾਬ ਨਾਲ ਆਨਲਾਈਨ ਕਲਾਸਾਂ ਦਾ ਸ਼ੈਡਿਊਲ ਬਣਾਉਣਾ ਚਾਹੀਦਾ ਹੈ। ਕੋਰਟ ਨੂੰ ਦੱਸਿਆ ਗਿਆ ਹੈ ਕਿ ਮਾਹਰਾਂ ਦੇ ਪੈਨਲ ਵਿੱਚ ਓਪਥੋਮੋਲਾਜਿਸਟ (ਅੱਖਾਂ ਦੇ ਡਾਕਟਰ), ਬਾਲ ਮਨੋਚਿਕਿਤਸਕ, ਬਾਲ ਚਿਕਿਤਸਕ ਅਤੇ ਸਿੱਖਿਆ ਵਿੰਡੋ ਦੇ ਇਲਾਵਾ ਚਾਈਲਡ ਵੈਲਫੇਅਰ ਦੇ ਮਾਹਰ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਨਿੱਜੀ ਸਕੂਲ ਸੰਚਾਲਕਾਂ ਵੱਲੋਂ ਸਰਕਾਰ ਦੇ ਆਦੇਸ਼ਾਂ ਦਾ ਹਵਾਲਾ ਦੇ ਕੇ ਜਬਰਨ ਫੀਸ ਵਸੂਲੀ ਜਾ ਰਹੀ ਹੈ, ਜੋ ਪੰਜਾਬ ਫੀਸ ਰੈਗੂਲੇਟਰੀ ਐਕਟ ਦੇ ਖ਼ਿਲਾਫ਼ ਹੈ। ਕੋਰਟ ਨੇ ਮਾਮਲੇ ਵਿੱਚ ਸਭਨਾਂ ਧਿਰਾਂ ਨੂੰ ਨੋਟਿਸ ਕਰ 13 ਜੁਲਾਈ ਤੱਕ ਜਵਾਬ ਮੰਗਿਆ ਹੈ।

## ਵਿੱਤ ਮੰਤਰੀ ਦੇ ਘਿਰਾਓ ਲਈ ਜਾਂਦੇ ਆਮ ਆਦਮੀ ਪਾਰਟੀ ਦੇ ਆਗੂ ਥਾਣੇ ਡੱਕੇ



ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਦੇ ਆਗੂ ਕੱਲ੍ਹ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸੈਕਟਰ-2 ਵਿਚਲੇ ਘਰ ਦਾ ਘਿਰਾਓ ਕਰਨ ਲਈ ਗਏ। ਉਨ੍ਹਾਂ ਨੇ ਪਿਛਲੇ ਲੰਬੇ ਸਮੇਂ ਤੋਂ ਬੰਦ ਪਏ ਬਠਿੰਡਾ ਦੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਨੂੰ ਮੁੜ ਸ਼ੁਰੂ ਕਰਨ ਦੀ ਥਾਂ ਉਸ ਦੀ ਸੈਂਕੜੇ ਏਕੜ ਜ਼ਮੀਨ ਪੁੱਡਾ ਰਾਹੀਂ ਮਾਫ਼ੀਆ ਨੂੰ ਦਿੱਤੇ ਜਾਣ ਲਈ ਪੰਜਾਬ ਕੈਬਨਿਟ ਦੇ ਫੈਸਲੇ ਦਾ ਵਿਰੋਧ ਜਤਾਇਆ। ਇਸ ਮੌਕੇ ਚੰਡੀਗੜ੍ਹ ਪੁਲਸ ਨੇ ਇਨ੍ਹਾਂ ਆਗੂਆਂ ਨੂੰ ਹਿਰਸਾਤ ਵਿੱਚ ਲੈ ਕੇ ਥਾਣੇ ਡੱਕ ਦਿੱਤਾ ਅਤੇ ਕਈ ਘੰਟੇ ਬਾਅਦ ਛੱਡਿਆ।

ਚੰਡੀਗੜ੍ਹ ਪੁਲਸ ਵੱਲੋਂ ਫੜੇ ਗਏ ਆਗੂਆਂ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਮੀਤ ਹੇਅਰ ਹੈ, ਜੈ ਕ੍ਰਿਸ਼ਨ ਸਿੰਘ ਰੋੜੀ, ਸਿਆਸੀ ਰਿਵੀਊ ਕਮੇਟੀ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਅਤੇ ਯੂਥ ਆਗੂ ਸੰਦੀਪ ਸਿੰਗਲਾ ਸ਼ਾਮਲ ਹਨ। ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਜਿਹੜੇ ਬਿਜਲੀ ਅਤੇ ਲੈਂਡ ਮਾਫ਼ੀਏ ਦੀ ਕਮਾਨ ਪਹਿਲਾਂ ਸੁਖਬੀਰ ਸਿੰਘ ਬਾਦਲ ਦੇ ਕੋਲ ਸੀ, ਉਹ ਅੱਜਕੱਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਆ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੀ ਬਾਦਲ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟਾਂ ਦੀ ਖਾਤਰ ਬਠਿੰਡਾ ਥਰਮਲ ਪਲਾਂਟ ਦੀ ਬਲੀ ਦੇ ਦਿੱਤੀ ਅਤੇ ਕਾਂਗਰਸ ਸਰਕਾਰ ਨੇ 2017 ਦੀਆਂ ਚੋਣਾਂ ਤੋਂ ਪਹਿਲਾਂ ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਬਿਜਲੀ ਖ਼ਰੀਦ ਸਮਝੌਤੇ (ਪੀ ਪੀ ਏਜ਼) ਰੱਦ ਕਰਨ ਦੇ ਦਾਅਵੇ ਭੁਲਾ ਕੇ ਉਲਟਾ ਰਾਹ ਫੜ ਲਿਆ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਬਠਿੰਡੇ ਦੇ ਥਰਮਲ ਪਲਾਂਟ ਦਾ ਨਾਮੋ-ਨਿਸ਼ਾਨ ਮਿਟਾਉਣ ਦੇ ਫ਼ੈਸਲੇ ਲੈ ਰਹੇ ਹਨ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਜੇ ਪੰਜਾਬ ਸਰਕਾਰ ਨੇ ਥਰਮਲ ਪਲਾਂਟ ਪੱਕੇ ਤੌਰ 'ਤੇ ਬੰਦ ਕਰਨ ਦਾ ਫ਼ੈਸਲਾ ਲੈ ਲਿਆ ਹੈ ਤਾਂ ਇਹ ਜ਼ਮੀਨਾਂ ਉਨ੍ਹਾਂ ਕਿਸਾਨਾਂ ਨੂੰ ਵਾਪਸ ਕੀਤੀਆਂ ਜਾਣ, ਜਿਨ੍ਹਾਂ ਤੋਂ 1969 ਵਿੱਚ ਥਰਮਲ ਪਲਾਂਟ ਲਾਉਣ ਵਾਸਤੇ ਲਈਆਂ ਸਨ।

ਇਸ ਮੌਕੇ ਵਿਧਾਇਕ ਮੀਤ ਹੇਅਰ ਨੇ ਕਿਹਾ ਕਿ 2005 ਤੋਂ 2014 ਦੇ ਦੌਰਾਨ ਬਠਿੰਡਾ ਥਰਮਲ ਪਲਾਂਟ ਦੇ ਯੂਨਿਟਾਂ ਦੀ ਅੰਤਰਰਾਸ਼ਟਰੀ ਪੱਧਰ ਦੀ ਅਪਗ੍ਰੇਡੇਸ਼ਨ ਲਈ 734 ਕਰੋੜ ਰੁਪਏ ਖ਼ਰਚੇ ਗਏ ਸਨ, ਪਰ ਉਸ ਨੂੰ 100 ਘੰਟੇ ਚੱਲਣ ਤੋਂ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ, ਜਦ ਕਿ ਕੌਮੀ ਬਿਜਲੀ ਅਥਾਰਿਟੀ ਮੁਤਾਬਿਕ ਬਠਿੰਡਾ ਥਰਮਲ ਪਲਾਂਟ ਦੀ ਮਿਆਦ ਸਾਲ 2030-31 ਤੱਕ ਸੀ।

## ਕੇਂਦਰ ਸਰਕਾਰ ਖੇਤੀ ਸੁਧਾਰ ਬਿੱਲ ਬਹਾਨੇ ਪੰਜਾਬ ਦੇ ਕਿਸਾਨਾਂ ਨੂੰ ਉਜਾੜਨਾ ਚਾਹੁੰਦੀ ਹੈ: ਬੈਂਸ

ਅੰਮ੍ਰਿਤਸਰ, 23 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਸੁਧਾਰ ਬਿੱਲ ਨੂੰ ਪੰਜਾਬ ਦੀ ਕਿਸਾਨੀ ਦਾ ਉਜਾੜਾ ਦੱਸ ਕੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਲਈ ਸਾਈਕਲ ਮਾਰਚ ਸ਼ੁਰੂ ਕੀਤਾ ਹੈ। ਇਸ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਤੋਂ ਮੱਥਾ ਟੇਕਣ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਨ ਪਿੱਛੋਂ ਜੱਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਕੀਤੀ ਗਈ ਹੈ।

ਇਸ ਮੌਕੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੰਵਿਧਾਨ ਅਨੁਸਾਰ ਖੇਤੀ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਰਾਜ ਸਰਕਾਰਾਂ ਦਾ ਹੈ, ਪਰ ਕੇਂਦਰ ਸਰਕਾਰ ਰਾਜਾਂ ਸਰਕਾਰਾਂ ਦੇ ਅਧਿਕਾਰਾਂ 'ਤੇ ਵੱਡਾ ਡਾਕਾ ਮਾਰ ਰਹੀ ਹੈ। ਇਹ ਬਿੱਲ ਕਾਰਪੋਰੇਟ ਘਰਾਣਿਆਂ ਤੋਂ ਕਿਸਾਨਾਂ ਦੀ ਲੁੱਟ ਕਰਾਉਣ ਦਾ ਖੁਫੀਆ ਰਸਤਾ ਹੈ। ਜਿਸ ਨਾਲ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਖ਼ਰੀਦ ਕੇ ਕਿਸਾਨਾਂ ਨੂੰ ਜ਼ਮੀਨ ਰਹਿਤ ਕੀਤਾ ਜਾਵੇਗਾ।

## ਪਾਕਿਸਤਾਨ ਤੋਂ ਭਾਰਤੀ ਦੂਤਘਰ ਦੇ ਪੰਜ ਅਧਿਕਾਰੀ ਦੇਸ਼ ਪਰਤੇ

*** ਪਾਕਿ ਖੁਫੀਆ ਏਜੰਸੀ ਵੱਲੋਂ ਅਗਵਾ ਕਰ ਕੇ ਛੱਡੇ ਦੋ ਅਧਿਕਾਰੀ ਵੀ ਸ਼ਾਮਲ**

ਅਟਾਰੀ, 23 ਜੂਨ (ਪੋਸਟ ਬਿਊਰੋ)- ਇਸਲਾਮਾਬਾਦ ਵਿੱਚੋਂ ਭਾਰਤੀ ਦੂਤਘ ਦੇ ਪੰਜ ਅਧਿਕਾਰੀ ਕੱਲ੍ਹ ਅਟਾਰੀ ਵਾਹਗਾ ਸਰਹੱਦ ਰਾਹੀਂ ਦੇਸ਼ ਪਹੁੰਚ ਗਏ। ਇਨ੍ਹਾਂ ਵਿੱਚ ਉਹ ਦੋ ਅਧਿਕਾਰੀ ਵੀ ਹਨ, ਜਿਨ੍ਹਾਂ ਨੂੰ ਬੀਤੇ ਦਿਨੀਂ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਨੇ ਅਗਵਾ ਕਰਕੇ ਤਸੀਹੇ ਦੇਣ ਪਿੱਛੋਂ ਹਾਦਸੇ ਦਾ ਝੂਠਾ ਕੇਸ ਦਰਜ ਕੀਤਾ ਸੀ। ਪਾਕਿ-ਸਤਾਨ ਦੀ ਇਸ ਕਾਰਵਾਈ ਨੂੰ ਭਾਰਤ ਵੱਲੋਂ 31 ਮਈ ਨੂੰ ਜਾਸੂਸੀ ਕਰਦਿਆਂ ਫੜੇ ਗਏ ਦਿੱਲੀ ਵਿਚਲੇ ਪਾਕਿਸਤਾਨੀ ਦੂਤਾਵਾਸ ਦੇ ਦੋ ਅਧਿਕਾਰੀਆਂ ਨੂੰ ਭਾਰਤ ਵਿੱਚੋਂ ਕੱਢੇ ਜਾਣ ਦੇ ਬਦਲੇ ਵਜੋਂ ਵੇਖਿਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਭਾਰਤੀ ਦੂਤਘਰ ਦੇ ਦੋ ਅਧਿਕਾਰੀਆਂ ਪੋਲ ਸਿਲਵਾਦਾਸ ਤੇ ਦ੍ਵਿਵ ਬ੍ਰਹਮਾ ਨੂੰ ਕੰਮ ਉੱਤੇ ਜਾਣ ਸਮੇਂ ਓਥੋਂ ਦੀ ਖੁਫੀਆ ਏਜੰਸੀ ਆਈ ਐਸ ਆਈ ਨੇ ਅਗਵਾ ਕਰਕੇ ਪੁੱਛਗਿੱਛ ਦੇ ਨਾਂ 'ਤੇ ਕਈ ਘੰਟੇ ਜ਼ਲੀਲ ਕੀਤਾ ਸੀ ਅਤੇ ਭਾਰਤ ਵੱਲੋਂ ਦਬਾਅ ਪਾਉਣ 'ਤੇ ਇਨ੍ਹਾਂ ਦੋਵਾਂ ਖ਼ਿਲਾਫ਼ ਐਕਸੀਡੈਂਟ ਦਾ ਝੂਠਾ ਕੇਸ ਦਰਜ ਕਰਕੇ ਇਨ੍ਹਾਂ ਨੂੰ ਭਾਰਤੀ ਦੂਤਘਰ ਪੁਚਾ ਦਿੱਤਾ ਸੀ। ਇਹ ਦੋਵੇਂ ਜਣੇ ਗਰੁੱਪ ਕੈਪਟਨ ਮੰਨੂੰ ਮੱਢਾ, ਸ਼ਿਵ ਕੁਮਾਰ ਸੁੰਦਰਮੂਰਤੀ ਤੇ ਪੰਕਜ ਕੁਮਾਰ ਦੇ ਨਾਲ ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਆਏ। ਇਹ ਅਧਿਕਾਰੀ ਡਾਕਟਰੀ ਜਾਂਚ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਤੋਂ ਬਾਅਦ ਵਿਸ਼ੇਸ਼ ਕਾਰਾਂ ਰਾਹੀਂ ਦਿੱਲੀ ਲਈ ਰਵਾਨਾ ਹੋ ਗਏ।

ਇਸ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਗੱਲ ਦੀ ਪੱਕੇ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ 'ਚ ਤਾਲਾਬੰਦੀ ਕਾਰਨ ਫਸੇ 748 ਭਾਰਤੀ ਨਾਗਰਿਕਾਂ ਨੂੰ 25 ਤੋਂ 27 ਜੂਨ ਤੱਕ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ ਭੇਜਿਆ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਕੋਰੋਨਾ ਸਕੰਟ ਦੇ ਕਾਰਨ ਲੱਗੀ ਤਾਲਾਬੰਦੀ ਦੌਰਾਨ ਪਾਕਿਸਤਾਨ ਦੇ ਫੈਸਲਾਬਾਦ, ਲਾਹੌਰ, ਸ਼ੇਖ਼ੂਪੁਰਾ, ਸਿਆਲਕੋਟ ਗੁਜਰਾਤ ਅਤੇ ਮੁਜ਼ੱਫ਼ਰਾਬਾਦ ਸ਼ਹਿਰਾਂ 'ਚ ਤਿੰਨ ਮਹੀਨਿਆਂ ਤੋਂ ਫਸੇ ਭਾਰਤੀ ਨਾਗਰਿਕਾਂ 'ਚ ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ ਵੀ ਸ਼ਾਮਲ ਹਨ।



# ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਦੇ ਬੁੱਤ 'ਤੇ ਰੰਗ ਫੇਰਿਆ



ਨਿਊਯਾਰਕ, 23 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਦੇ ਏਥੇ ਲੱਗੇ ਬੁੱਤ 'ਤੇ ਕਿਸੇ ਵੱਲੋਂ ਲਾਲ ਰੰਗ ਪੋਚ ਕੇ ਉਸ ਨੂੰ ਨੁਕਸਾਨ ਪੁਚਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਨਿਊਯਾਰਕ ਦੇ ਵਿਸ਼ਵ ਪ੍ਰਸਿੱਧ 'ਦ ਅਮੇਰੀਕਨ ਮਿਊਜ਼ੀਅਮ ਆਫ ਨੈਚੁਰਲ ਹਿਸਟਰੀ' ਦੇ ਗੇਟ ਉੱਤੇ ਲੱਗੇ ਥਿਓਡੋਰ ਰੂਜਵੇਲਟ ਦੇ ਬੁੱਤ ਨੂੰ ਹਟਾਉਣ ਦਾ ਫੈਸਲਾ ਕਰ ਲਿਆ ਗਿਆ ਹੈ।

'ਬਾਲਟੀਮੋਰ ਸਨ' ਦੀ ਖ਼ਬਰ ਅਨੁਸਾਰ ਉਤਰ-ਪੱਛਮੀ ਬਾਲਟੀਮੋਰ ਦੇ ਹਿਲ ਪਾਰਕ ਵਿੱਚ ਲੱਗੇ ਰਾਸ਼ਟਰਪਤੀ ਦੇ ਬੁੱਤ ਉੱਤੇ 'ਨਸਲਵਾਦੀਆਂ ਨੂੰ ਖ਼ਤਮ ਕਰੋ' ਲਿਖਿਆ ਗਿਆ ਹੈ ਅਤੇ ਇਸ ਦੇ ਥੱਲੇ 'ਬਲੈਕ ਲਾਈਫਸ ਮੈਟਰ' ਅੰਦੋਲਨ ਦੇ ਲਈ ਲੋਕਾਂ ਦੇ ਦਸਖਤ ਹਨ। ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਬੁੱਤ ਨੂੰ ਨੁਕਸਾਨ ਪੁਚਾਉਣ ਬਾਰੇ ਕੋਈ ਸ਼ਿਕਾਇਤ ਨਹੀਂ ਮਿਲੀ, ਪਰ ਦੱਸਿਆ ਜਾਂਦਾ ਹੈ ਕਿ ਲੋਕ ਫੈਡਰਲ ਰਾਜ ਵਿੱਚ ਲੱਗੇ ਬੁੱਤਾਂ ਅਤੇ ਸਮਾਰਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਦੇ ਇਲਾਵਾ ਪ੍ਰਦਰਸ਼ਨਕਾਰੀ ਲੋਕ ਵਾਸ਼ਿੰਗਟਨ ਸਮੇਤ ਦੇਸ਼ ਦੇ ਮੋਢੀਆਂ ਨੂੰ ਗੁਲਾਮੀ ਅਤੇ ਹੋਰ ਕੁਰੀਤੀਆਂ ਨੂੰ ਵਧਾਉਣ ਦੇ ਦੋਸ਼ ਵਿੱਚ ਨਿਸ਼ਾਨਾ ਬਣਾਉਂਦੇ ਰਹਿੰਦੇ ਹਨ।

ਨਿਊਯਾਰਕ ਦੇ ਵਿਸ਼ਵ ਪ੍ਰਸਿੱਧ 'ਦ ਅਮੇਰੀਕਨ ਮਿਊਜ਼ੀਅਮ ਆਫ ਨੇਚੁਰਲ ਹਿਸਟਰੀ' ਦੇ ਗੇਟ ਉੱਤੇ ਰੂਜਵੇਲਟ ਦੇ ਬੁੱਤ ਨੂੰ ਹਟਾਉਣ ਦਾ ਫੈਸਲਾ ਕੀਤਾ ਗਿਆ ਹੈ। ਰੂਜਵੇਲਟ ਅਮਰੀਕਾ ਦੇ 26ਵੇਂ ਰਾਸ਼ਟਰਪਤੀ ਸਨ। ਇਸ ਬਾਰੇ ਮੇਅਰ ਬਿਲ ਡਿਬਲਾਸੀਆ ਨੇ ਕਿਹਾ, ''ਦ ਅਮੇਰੀਕਨ ਮਿਊਜ਼ੀਅਮ ਆਫ ਨੇਚੁਰਲ ਹਿਸਟਰੀ' ਨੇ ਥਿਓਡੋਰ ਰੂਜਵੇਲਟ ਦਾ ਬੁੱਤ ਹਟਾਉਣ ਨੂੰ ਕਿਹਾ ਹੈ ਕਿਉਂਕਿ ਇਹ ਕਾਲੇ ਅਤੇ ਘਰੇਲੂ ਲੋਕਾਂ ਨੂੰ ਨਸਲੀ ਪੱਖ ਤੋਂ ਹੀਣੇ ਦਿਖਾਉਂਦਾ ਹੈ। ਇਸ ਨੂੰ ਹਟਾਉਣ ਦੇ ਲਈ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ।

# ਆਸਟ੍ਰੇਲੀਅਨ ਸਰਕਾਰ ਨੂੰ 'ਕੋਆਲਾ' ਨੂੰ ਖਤਮ ਹੋਣ ਤੋਂ ਬਚਾਉਣ ਦੀ ਅਪੀਲ

ਸਿਡਨੀ, 23 ਜੂਨ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਵਾਤਵਰਣ ਮਾਹਰਾਂ ਨੇ ਫੈਡਰਲ ਸਰਕਾਰ ਨੂੰ ਕੋਆਲਾ ਆਬਾਦੀ ਨੂੰ ਖਤਮ ਹੋਣ ਤੋਂ ਬਚਾਉਣ ਲਈ ਖਤਰੇ ਵਾਲੀ ਸਪੀਸੀਜ਼ ਰਿਕਵਰੀ ਯੋਜਨਾ ਬਣਾਉਣ ਨੂੰ ਕਿਹਾ ਹੈ।

ਏਜੰਸੀ ਰਿਪੋਰਟ ਮੁਤਾਬਕ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ (ਏ ਐਨ ਯੂ) ਦੇ ਵਾਤਾਵਰਣ ਵਿਗਿਆਨੀ ਕਾਰਾ ਯੰਗੈਟੋਬ ਨੇ ਕਿਹਾ ਕਿ ਮਾਰਸੁਪੀਅਲਜ਼ ਲਈ ਇੱਕ ਰਿਕਵਰੀ ਯੋਜਨਾ ਬਿਲਕੁੱਲ ਪਹਿਲ ਉੱਤੇ ਹੋਣੀ ਚਾਹੀਦੀ ਹੈ ਕਿਉਂਕਿ ਜੰਗਲਾਤ ਦੇ ਕੰਮ ਦੇ '2019-20 ਬਲੈਕ ਸਮਰ' ਦੇ ਕਾਰਨ ਬਹੁਤ ਜ਼ਿਆਦਾ ਰਿਹਾਇਸ਼ੀ ਨੁਕਸਾਨ ਹੋਇਆ। ਇਹ ਰਿਕਵਰੀ



ਯੋਜਨਾਵਾਂ ਆਸਟ੍ਰੇਲੀਆਈ ਜੰਗਲੀ ਜੀਵਣ ਦੇ ਲੰਬੇ ਸਮੇਂ ਦੇ ਬਚਾਅ ਨੂੰ ਵੱਧ ਤੋਂ ਵੱਧ ਕਰਨ ਦੀ ਸੇਵਾ ਦਿੰਦੀਆਂ ਹਨ ਅਤੇ ਲਾਗੂ ਕਰਨ ਅਤੇ ਫੰਡ ਦੇਣ ਲਈ ਤਿੰਨ ਸਾਲਾਂ ਦੀ ਸਮਾਂ ਸੀਮਾ ਦੇ ਨਾਲ ਆਉਂਦੀਆਂ ਹਨ। ਸਾਬਕਾ ਵਾਤਾਵਰਣ ਮੰਤਰੀ ਗ੍ਰੇਗ ਹੰਟ ਨੇ 2015 ਵਿੱਚ ਕੋਆਲਾ ਲਈ ਰਿਕਵਰੀ ਯੋਜਨਾ ਨੂੰ ਅਧਿਕਾਰਤ ਕੀਤਾ ਸੀ ਜੋ ਹਾਲੇ ਵੀ ਦੋ ਸਾਲਾਂ ਦੀ ਬਕਾਇਆ ਹੈ। ਯੰਗੌਟੋਬ ਨੇ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਕੋਆਲਾ ਦੇ ਭੋਜਨ ਲਈ 'ਫੂਡ ਡੈਜ਼ਰਟ' ਬਣਾਉਣ ਨਾਲ ਲੱਕੜ ਅਤੇ ਝਾੜੀਆਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਰੁੱਖਾਂ ਦੀ ਇੱਕ ਜਾਤੀ ਵੱਧ ਰਹੀ ਹੈ। ਯੰਗਟੋਬ ਨੇ ਦੱਸਿਆ ਕਿ ਉਨ੍ਹਾਂ ਦੀ ਆਬਾਦੀ ਛੋਟੀ ਰੋਸ਼ਨੀ ਵਾਂਗ ਹੈ। ਮੌਕੇ 'ਤੇ ਮੌਜੂਦਾ ਸੁਰੱਖਿਆਵਾਂ ਇਹ ਯਕੀਨੀ ਕਰਨ ਲਈ ਲੋੜੀਂਦੀਆਂ ਨਹੀਂ ਹਨ ਕਿ ਆਬਾਦੀ ਵਿੱਚ ਗਿਰਾਵਟ ਜਾਰੀ ਨਾ ਰਹੇ। ਉਹ ਸਥਾਨਕ ਤੌਰ 'ਤੇ ਅਲੋਪ ਹੋ ਗਏ ਹਨ ਅਤੇ ਉਹ ਜਾਰੀ ਵੀ ਰਹਿ ਸਕਦੇ ਹਨ।

# ਨਿਊਜ਼ੀਲੈਂਡ ਪਰਤੇ ਭਾਰਤੀ ਅਤੇ ਪਾਕਿਸਤਾਨੀ ਕੋਰੋਨਾ ਪਾਜ਼ੀਟਿਵ ਨਿਕਲੇ




ਆਕਲੈਂਡ, 23 ਜੂਨ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਕੋਰੋਨਾ ਮੁੜ ਪਰਤ ਰਿਹਾ ਹੈ ਤੇ ਰੋਜ਼ ਔਸਤ ਦੋ ਦੀ ਗਿਣਤੀ ਵਧ ਰਹੀ ਹੈ। ਕੱਲ੍ਹ ਸਿਹਤ ਮੰਤਰਾਲੇ ਨੇ ਦੱਸਿਆ ਕਿ ਦੇਸ਼ ਵਿੱਚ ਹੋਰ ਨਵੇਂ ਮਾਮਲੇ ਸ਼ਾਮਲ ਹੋ ਗਏ ਹਨ।

ਨਵੇਂ ਮਾਮਲਿਆਂ ਵਿੱਚ ਇੱਕ ਨੌਜਵਾਨ ਮਹਿਲਾ ਹੈ, ਜੋ ਪਾਕਿਸਤਾਨ ਤੋਂ 13 ਜੂਨ ਨੂੰ ਪਰਤੀ ਹੈ ਅਤੇ ਦੂਜਾ ਤੀਹ ਸਾਲਾ ਭਾਰਤੀ ਪੁਰਸ਼ ਹੈ, ਜੋ 15 ਜੂਨ ਨੂੰ ਇਥੇ ਆਇਆ ਸੀ। ਇਸ ਪੁਰਸ਼ ਨੇ ਆਪਣੇ ਭੈਣ-ਭਰਾਵਾਂ ਤੇ ਮਾਂ ਨਾਲ ਯਾਤਰਾ ਕੀਤੀ ਹੈ, ਪਰ ਬਾਕੀ ਦੇ ਨੈਗੇਟਿਵ ਪਾਏ ਗਏ ਹਨ। ਐਤਵਾਰ ਨੂੰ ਕੁੱਲ 3402 ਟੈਸਟ ਪੂਰੇ ਕੀਤੇ ਗਏ ਸਨ। ਦੇਸ਼ ਭਰ ਵਿੱਚ ਮੈਨੇਜਡ ਆਈਸੋਲੇਸ਼ਨ ਸੁਵਿਧਾਵਾਂ 'ਤੇ 500 ਤੋਂ ਵੱਧ ਟੈਸਟ ਕੀਤੇ ਗਏ ਹਨ। ਇੱਕ ਮਹੱਤਵ ਪੂਰਨ ਕਲੱਸਟਰ ਸੈਂਟਰ ਮਾਰਗ੍ਰੇਟ ਹਾਲੇ ਖੁੱਲ੍ਹਾ ਹੈ। ਇਸ ਦੇਸ਼ ਵਿੱਚ ਮੌਤਾਂ ਦੀ ਗਿਣਤੀ 22 ਹੋ ਚੁੱਕੀ ਹੈ। ਏਥੇ ਅੱਜ ਤੱਕ ਦੇ ਸਾਰੇ ਨਵੇਂ ਕੇਸ ਵਿਦੇਸ਼ੀ ਯਾਤਰੀਆਂ ਨਾਲ ਜੁੜੇ ਹੋਏ ਹਨ।

# ਟਿਕਟਾਕ ਯੂਜ਼ਰਜ਼ ਦਾ ਦਾਅਵਾ, ਅਸੀਂ ਫਲਾਪ ਕਰਵਾਈ ਹੈ ਟਰੰਪ ਦੀ ਰੈਲੀ

ਨਿਊ ਯਾਰਕ, 23 ਜੂਨ (ਪੋਸਟ ਬਿਊਰੋ)- ਕੋਰਿਆਈ ਪੌਪ ਸੰਗੀਤ ਦੇ ਪ੍ਰਸ਼ੰਸਕਾਂ ਅਤੇ ਟਿਕਟਾਕ ਯੂਜ਼ਰਜ਼ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕਾਰਨ ਹੀ ਸ਼ਨੀਵਾਰ ਨੂੰ ਟੂਲਸਾ 'ਚ ਰਾਸ਼ਟਰਪਤੀ ਡੋਨਾਲਡ ਟਰੰਪੇ ਦੀ ਰੈਲੀ ਵਿੱਚ ਖਾਸ ਭੀੜ ਇਕੱਠੀ ਨਹੀਂ ਹੋ ਸਕੀ। ਇਸ ਨਾਲ ਜੁੜੇ ਲੋਕਾਂ ਮੁਤਾਬਕ ਕੁਝ ਦਿਨ ਪਹਿਲਾਂ ਟਿਕਟਾਕ 'ਤੇ ਮੁਹਿੰਮ ਚੱਲੀ ਸੀ ਤੇ ਰੈਲੀ ਲਈ ਲੋਕਾਂ ਨੂੰ ਆਨਲਾਈਨ ਰਜਿਸਟਰੇਸ਼ਨ ਕਰਾਉਣ, ਪਰ ਰੈਲੀ ਵਿੱਚ ਸ਼ਾਮਲ ਨਾ ਹੋਣ ਦਾ ਸੱਦਾ ਦਿੱਤਾ ਗਿਆ ਸੀ।

ਇਸ ਰੈਲੀ ਤੋਂ ਪਹਿਲਾਂ ਟਰੰਪ ਦੀ ਚੋਣ ਮੁਹਿੰਮ ਦੇ ਮੈਨੇਜਰ ਬਰੈਡ ਪਾਰਸਕੇਲ ਨੇ ਕਿਹਾ ਸੀ ਕਿ ਇਸ ਰੈਲੀ ਵਿੱਚ ਆਉਣ ਲਈ 10 ਲੱਖ ਤੋਂ ਵੱਧ ਲੋਕਾਂ ਨੇ ਅਪਲਾਈ ਕੀਤਾ ਸੀ। ਸ਼ਨੀਵਾਰ ਨੂੰ ਜਦੋਂ ਟਰੰਪ ਬੋਲਣ ਲਈ ਮੰਚ 'ਤੇ ਪੁੱਜੇ ਤਾਂ 19 ਹਜ਼ਾਰ ਸੀਟਾਂ ਵਾਲੇ ਬੀ ਓ ਕੇ ਸੈਂਟਰ ਏਰੀਨਾ ਵਿੱਚ ਬਹੁਤੀਆਂ ਸੀਟਾਂ ਖਾਲੀ ਸਨ। ਟੂਲਸਾ ਦੇ ਫਾਇਰ ਬ੍ਰਿਗੇਡ ਵਿਭਾਗ ਅਨੁਸਾਰ ਰੈਲੀ ਵਿੱਚ ਸਿਰਫ 6200 ਲੋਕ ਸ਼ਾਮਲ ਹੋਏ। ਰੈਲੀ ਦੇ ਅੱਗਲੇ ਖੇਤਰ ਵਿੱਚ ਬਹੁਤੀ ਥਾਂ ਖਾਲੀ ਸੀ, ਇਸੇ ਲਈ ਟਰੰਪ ਦੀ ਟੀਮ ਦੀ ਬਣਾਈ ਗਈ ਯੋਜਨਾ ਵੀ ਅਸਫਲ ਰਹੀ ਕਿ ਸਟੇਡੀਅਮ ਭਰ ਜਾਣ ਪਿੱਛੋਂ ਰਾਸ਼ਟਰਪਤੀ ਬਾਹਰ ਖੜ੍ਹੇ ਲੋਕਾਂ ਨੂੰ ਵੀ ਸੰਬੋਧਨ ਕਰਨਗੇ। ਇਸ ਤੋਂ ਪਹਿਲਾਂ ਟਿਕਟਾਕ ਨੂੰ ਆਮ ਤੌਰ 'ਤੇ ਲੋਕਾਂ ਦੇ ਨੱਚਦੇ ਅਤੇ ਕਾਮੇਡੀ ਕਰਨ ਦੇ ਇੱਕ ਮੰਚ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ, ਪਰ ਕਿਸੇ ਸਿਆਸੀ ਮਕਸਦ ਲਈ ਇਸ ਦਾ ਵਰਤੋਂ ਨਹੀਂ ਕੀਤੀ ਗਈ ਸੀ।

ਆਯੋਵਾ ਦੀ ਵਸਨੀਕ 51 ਸਾਲਾਂ ਦੀ ਔਰਤ ਮੈਰੀ ਜੋ ਲਾਪ ਨੇ ਲੋਕਾਂ ਨੂੰ ਟਰੰਪ ਦੀ ਵੈੱਬਸਾਈਟ 'ਤੇ ਰਜਿਸਟਰੇਸ਼ਨ ਲਈ ਉਤਸ਼ਾਹਿਤ ਕੀਤਾ ਸੀ। ਲਾਪ ਨੇ ਆਪਣੇ ਫਾਲੋਅਰ ਨੂੰ ਕਿਹਾ ਸੀ ਕਿ ਜੋ ਲੋਕ 19 ਹਜ਼ਾਰ ਸੀਟਾਂ ਵਾਲੇ ਹਾਲ ਨੂੰ ਅੱਧਾ ਖਾਲੀ ਦੇਖਣਾ ਚਾਹੁੰਦੇ ਸਨ, ਉਹ ਲੋਕ ਸਿਰਫ ਰਜਿਸਟਰੇਸ਼ਨ ਕਰਵਾ ਲੈਣ। ਹੈਸ਼ਟੈਗ ਟਿਕਟਾਕ ਗ੍ਰਾਂਡਮਾ ਦੀ ਵਰਤੋਂ ਕਰਨ ਵਾਲੀ ਲਾਪ ਨੇ ਰੈਲੀ ਦੇ ਬਾਈਕਾਟ ਨਾਲ ਜੁੜਿਆ ਇੱਕ ਵੀਡੀਓ ਪਾਇਆ ਹੈ, ਜਿਸ ਨੂੰ ਸੱਤ ਲੱਖ ਲਾਈਕ ਮਿਲੇ ਹਨ।

# ਅਫ਼ਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਸਿੱਖ ਸੇਵਾਦਾਰ ਅਗਵਾ

ਕਾਬੁਲ, 23 ਜੂਨ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਚਮਕਣੀ ਸ਼ਹਿਰ ਦੇ ਪਖ਼ਤਿਆ ਇਲਾਕੇ ਵਿਚਲੇ ਗੁਰਦੁਆਰਾ ਸਾਹਿਬ 'ਚ ਸੇਵਾ ਕਰਦੇ ਅਫ਼ਗਾਨ ਮੂਲ ਦੇ ਇੱਕ ਸਿੱਖ ਨੂੰ ਤਾਲਿਬਾਨੀ ਅੱਤਵਾਦੀਆਂ ਨੇ ਅਗਵਾ ਕਰ ਲਿਆ ਹੈ। ਅਗਵਾ ਕੀਤੇ ਸੇਵਾਦਾਰ ਦਾ ਨਾਂਅ ਨਿਧਾਨ ਸਿੰਘ ਸਚਦੇਵਾ ਦੱਸਿਆ ਗਿਆ ਹੈ। ਉਸ ਨੂੰ ਉਸ ਵੇਲੇ ਅਗਵਾ ਕੀਤਾ ਗਿਆ, ਜਦੋਂ ਉਹ ਗੁਰਦੁਆਰਾ ਸਾਹਿਬ 'ਚ ਸੇਵਾ ਕਰ ਰਿਹਾ ਸੀ।

ਚਮਕਣੀ ਦੇ ਜ਼ਿਲ੍ਹਾ ਮੁਖੀ ਅਬਦੁਲ ਰਹਿਮਾਨ ਜ਼ੁਰਮਤੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਨਿਧਾਨ ਸਿੰਘ ਸਚਦੇਵਾ, ਜੋ ਜ਼ਿਲ੍ਹਾ ਤਮਸਖ਼ਾਨੀ ਦਾ ਵਾਸੀ ਹੈ, ਦੀ ਨਿਯੁਕਤੀ ਸਿੱਖ ਭਾਈਚਾਰੇ ਵੱਲੋਂ ਦੱਖਣ-ਪੂਰਬੀ ਖੇਤਰ 'ਚ ਅਫ਼ਗਾਨ



ਸਿੱਖ ਗੁਰਦੁਆਰਿਆਂ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਕੀਤੀ ਗਈ ਸੀ। ਉਸ ਨੂੰ ਚਾਰ ਦਿਨ ਪਹਿਲਾਂ ਤਾਲਿਬਾਨ ਨੇ ਅਗਵਾ ਕਰ ਲਿਆ ਗਿਆ। ਜ਼ਿਲ੍ਹਾ ਮੁਖੀ ਅਨੁਸਾਰ ਉਕਤ ਅਫ਼ਗਾਨੀ ਸਿੱਖ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਦੇ ਇਸ਼ਾਰੇ ਉੱਤੇ ਤਾਲਿਬਾਨ ਅੱਤਵਾਦੀਆਂ ਦੇ ਇੱਕ ਗਰੁੱਪ ਨੇ ਅਗਵਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਰੇ ਪੰਜ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਨਿਧਾਨ ਸਿੰਘ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ। ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੇ ਪੱਧਰ 'ਤੇ ਇਸ ਮੁੱਦੇ ਨੂੰ ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨਾਲ ਵੀ ਸਾਂਝਾ ਕੀਤਾ ਹੈ, ਪਰ ਉਸ ਨੇ ਅਜੇ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਦੂਸਰੇ ਪਾਸੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਰਹਿੰਦੇ ਸਿੱਖ ਭਾਈਚਾਰੇ ਨੇ ਕਿਹਾ ਹੈ ਕਿ 25 ਮਾਰਚ ਨੂੰ ਗੁਰਦੁਆਰਾ ਹਰਿਰਾਇ ਸਾਹਿਬ 'ਚ ਹੋਏ ਆਤਮਘਾਤੀ ਹਮਲੇ 'ਚ ਉਥੋਂ ਦੇ ਮੁਸਲਿਮ ਸੁਰੱਖਿਆ ਗਾਰਡ ਸਮੇਤ 25 ਸਿੱਖ ਮਾਰੇ ਗਏ ਸਨ ਅਤੇ ਇਸ ਦੇ ਬਾਅਦ ਤੋਂ ਉਨ੍ਹਾਂ ਨੂੰ ਅਗਵਾ ਕੀਤੇ ਜਾਣ ਤੇ ਜਾਨੋਂ ਮਾਰਨ ਦੀਆਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative




Tel: 905.793.5777
416.802.5866
31 Melanie Dr. Unit #4 Brampton, ON L6T 5H8




$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

# ਫਿਲਮੀ ਦੁਨੀਆ



## ਇੰਡਸਟਰੀ ਦੀ ਚਕਾਚੌਂਧ ਤੋਂ ਦੂਰ ਰਿਹਾ ਹਾਂ: ਜਿਮੀ

ਅਭਿਨੇਤਾ ਜਿਮੀ ਸ਼ੇਰਗਿਲ ਇਨ੍ਹੀਂ ਦਿਨੀਂ ਸੋਨੀ ਲਾਈਵ 'ਤੇ ਪ੍ਰਸਾਰਤ ਸ਼ੋਅ 'ਯੋਰ ਆਨਰ' ਵਿੱਚ ਜੱਜ ਦੀ ਭੂਮਿਕਾ ਨਿਭਾ ਰਹੇ ਹਨ। ਇਹ ਇਜ਼ਰਾਇਲ ਦੇ ਸ਼ੋਅ 'ਕਯੋਦੋ' ਦਾ ਹਿੰਦੀ ਰੀਮੇਕ ਹੈ। ਪੇਸ਼ ਹਨ ਇਸੇ ਸਿਲਸਿਲੇ ਵਿੱਚ ਜਿਮੀ ਸ਼ੇਰਗਿਲ ਨਾਲ ਹੋਈ ਮੁਲਾਕਾਤ ਦੇ ਕੁਝ ਅੰਸ਼ "

* 'ਰੰਗ-ਬਾਜ ਫਿਰ ਸੇ' ਦੇ ਬਾਅਦ ਇਹ ਸ਼ੋਅ ਕੀਤਾ ਹੈ। ਡਿਜੀਟਲ ਪਲੇਟਫਾਰਮ ਕਿੰਨਾ ਵਧੀਆ ਲੱਗ ਰਿਹੈ?

- ਮੈਨੂੰ ਇਹ ਪਲੇਟਫਾਰਮ ਚੰਗਾ ਲੱਗਾ ਹੈ। ਇਸ ਫਾਰਮੈਟ ਦੀ ਸ਼ੂਟਿੰਗ ਸਮੇਤ ਸਾਰੀ ਪ੍ਰਕਿਰਿਆ ਫਿਲਮ ਵਾਂਗ ਹੁੰਦੀਆਂ ਹਨ। ਫਿਲਮਾਂ ਦੀ ਸ਼ੂਟਿੰਗ ਚਾਲੀ ਦਿਨਾਂ ਵਿੱਚ ਖਤਮ ਹੋ ਜਾਂਦੀ ਹੈ ਅਤੇ ਡਿਜੀਟਲ ਸ਼ੋਅ ਦੇ ਲਈ ਕਰੀਬ 100 ਦਿਨਾਂ ਦਾ ਸਮਾਂ ਦੇਣਾ ਪੈਂਦਾ ਹੈ। ਇਸ ਪਲੇਟਫਾਰਮ 'ਤੇ ਕਿਰਦਾਰ ਨੂੰ ਜੀਉਣ ਦਾ ਸਮਾਂ ਥੋੜ੍ਹਾ ਜ਼ਿਆਦਾ ਮਿਲਦਾ ਹੈ।

* ਕਿਸੀ ਅਡਾਪਟਿਡ ਸ਼ੋਅ ਵਿੱਚ ਕੰਮ ਕਰਨ 'ਤੇ ਕਿੰਨਾ ਦਬਾਅ ਹੁੰਦਾ ਹੈ?

- ਅਡਾਪਟ ਕਰਨ ਵਿੱਚ ਬਹੁਤ ਸਾਰੀਆਂ ਚੀਜ਼ਾਂ ਬਦਲਣੀਆਂ ਪੈਂਦੀਆਂ ਹਨ। ਉਥੋਂ ਦਾ ਕਾਨੂੰਨ, ਨਿਆਂ ਵਿਵਸਥਾ ਅਤੇ ਜੱਜ ਇਥੋਂ ਨਾਲ ਬਿਲਕੁਲ ਅਲੱਗ ਹੁੰਦੇ ਹਨ। ਉਸੇ ਹਿਸਾਬ ਨਾਲ ਇਸ ਸ਼ੋਅ ਦੀ ਸਕ੍ਰਿਪਟ ਵਿੱਚ ਬਦਲਾਅ ਕੀਤਾ ਗਿਆ ਹੈ। ਮੈਨੂੰ ਸਕ੍ਰਿਪਟ ਬਹੁਤ ਮਜ਼ੇਦਾਰ ਲੱਗੀ। ਅਜਿਹੀਆਂ ਕਹਾਣੀਆਂ ਦਾ ਹਿੱਸਾ ਬਣਨ 'ਤੇ ਖੁਸ਼ੀ ਮਿਲਦੀ ਹੈ।

* ਪਹਿਲੀ ਵਾਰ ਜੱਜ ਦਾ ਕਿਰਦਾਰ ਨਿਭਾਉਣ ਦਾ ਅਨੁਭਵ ਕਿਹੋ ਜਿਹਾ ਰਿਹਾ?

- ਇਸ ਕਿਰਦਾਰ ਦੇ ਬਹੁਤ ਸਾਰੇ ਪਹਿਲੂ ਹਨ। ਇਸ ਵਿੱਚ ਇੱਕ ਪਾਸੇ ਪਰਵਾਰ ਹੈ, ਦੂਸਰੇ ਪਾਸੇ ਪੇਸ਼ਾ ਹੈ। ਇੱਕ ਪਾਸੇ ਕੰਮ ਹੈ, ਦੂਸਰੇ ਪਾਸੇ ਦੁਨੀਆਦਾਰੀ ਹੈ। ਇਸ ਤਰ੍ਹਾਂ ਦੇ ਪਰਤਦਾਰ ਕਿਰਦਾਰ ਜਲਦੀ ਨਹੀਂ ਮਿਲਦੇ। ਮੈਨੂੰ ਇਹ ਕਿਰਦਾਰ ਕਰਨ ਵਿੱਚ ਮਜ਼ਾ ਆਇਆ।

* ਜੱਜ ਬਣਨ ਦੇ ਲਈ ਕੀ ਤਿਆਰੀ ਕੀਤੀ?

- ਮੈਂ ਪੰਜਾਬ ਵਿੱਚ ਆਪਣੇ ਜਾਣ-ਪਛਾਣ ਦੇ ਕੁਝ ਜੱਜਾਂ ਨਾਲ ਗੱਲਾਂ ਕੀਤੀਆਂ। ਆਮ ਤੌਰ 'ਤੇ ਜੱਜ ਨੂੰ ਆਪਣਾ ਪਹਿਰਾਵਾ ਅਤੇ ਵਿਹਾਰ ਦੋਵੇਂ ਵਿੱਚ ਤਾਲਮੇਲ ਰੱਖਣਾ ਪੈਂਦਾ ਹੈ। ਮੇਰਾ ਕਿਰਦਾਰ ਆਪਣੇ ਕੰਮ ਬਾਰੇ ਬੇਹੱਦ ਸਖਤ ਤੇ ਸਮਰਪਿਤ ਹੈ। ਕੋਰਟ ਜਾਂਦੇ ਸਮੇਂ ਉਹ ਕੀ ਪਹਿਨ ਕੇ ਨਿਕਲ ਜਾਂਦਾ ਹੈ, ਉਸ ਨੂੰ ਵੀ ਪਤਾ ਨਹੀਂ ਲੱਗਦਾ। ਮੈਂ ਕਿਤੇ-ਕਿਤੇ ਦੇਖਿਆ ਹੈ ਕਿ ਕੁਝ ਜੱਜ ਆਪਣੇ ਸੁਭਾਅ ਨਾਲ ਲੋਕਾਂ ਦੇ ਚਹੇਤੇ ਬਣ ਜਾਂਦੇ ਹਨ। ਲੋਕ ਜਾਣਦੇ ਹਨ ਕਿ ਉਹ ਕੋਰਟ ਰੂਮ ਵਿੱਚ ਗੰਭੀਰ ਮਾਹੌਲ ਨਹੀਂ ਬਣਨ ਦੇਣਗੇ। ਕੁਝ ਚੀਜ਼ਾਂ ਨੂੰ ਹਲਕੇ ਮੂਡ ਨਾਲ ਹੀ ਨਿਬੇੜਨਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਉਥੇ ਰਾਈ ਦਾ ਪਹਾੜ ਬਣ ਜਾਂਦਾ ਹੈ। ਮੇਰਾ ਕਿਰਦਾਰ ਕੁਝ ਅਜਿਹਾ ਹੀ ਹੈ।

## 'ਅਜਬ ਪ੍ਰੇਮ ਕੀ ਗਜਬ ਕਹਾਨੀ' ਵਰਗੀ ਕਾਮੇਡੀ ਫਿਲਮ ਹੈ 'ਬੈਡ ਬੁਆਏ'



ਮਿਥੁਨ ਚੱਕਰਵਰਤੀ ਦੇ ਛੋਟੇ ਬੇਟੇ ਨਮਾਸ਼ੀ ਰੋਮਾਂਟਿਕ ਕਾਮੇਡੀ ਫਿਲਮ 'ਬੈਡ ਬੁਆਏ' ਨਾਲ ਹਿੰਦੀ ਸਿਨੇਮਾ ਵਿੱਚ ਡੈਬਿਊ ਕਰ ਰਹੇ ਹਨ। ਇਸ ਫਿਲਮ ਦੀ ਕਹਾਣੀ ਸਾਲ 2009 ਵਿੱਚ ਬਣੀ ਰਣਬੀਰ ਕਪੂਰ ਦੀ ਫਿਲਮ 'ਅਜਬ ਪ੍ਰੇਮ ਕੀ ਗਜਬ ਕਹਾਨੀ' ਵਰਗੀ ਹੈ। ਇਹ ਖੁਲਾਸਾ ਖੁਦ ਨਮਾਸ਼ੀ ਨੇ ਕੀਤਾ ਹੈ। ਉਸ ਨੇ ਦੱਸਿਆ ਕਿ ਇਸ ਵਿੱਚ ਉਹ ਕਾਲਜ ਦੇ ਸ਼ਰਾਰਤੀ ਵਿਦਿਆਰਥੀ ਦਾ ਕਿਰਦਾਰ ਨਿਭਾ ਰਹੇ ਹਨ, ਜਿਸ ਨੂੰ ਕਾਲਜ ਵਿੱਚ ਪੜ੍ਹਦੀ ਇੱਕ ਭੋਲੀ-ਭਾਲੀ ਲੜਕੀ ਨਾਲ ਪਿਆਰ ਹੋ ਜਾਂਦਾ ਹੈ। ਫਿਲਮ ਦੀ ਕਹਾਣੀ ਬੰਗਲੂਰ ਦੇ ਪਿਛੋਕੜ 'ਤੇ ਆਧਾਰਤ ਹੈ। ਇਸ ਨੂੰ ਬੰਗਲੂਰ ਅਤੇ ਮੈਸੂਰ ਵਿੱਚ ਫਿਲਮਾਇਆ ਗਿਆ ਹੈ। ਨਮਾਸ਼ੀ ਅਨੁਸਾਰ ਜਦ ਉਸ ਨੇ ਇਸ ਫਿਲਮ ਨੂੰ ਸਾਈਨ ਕੀਤਾ ਤਾਂ ਉਸ ਦੇ ਪਿਤਾ ਮਿਥੁਨ ਨੂੰ ਇਸ ਦੇ ਬਾਰੇ ਜਾਣਕਾਰੀ ਨਹੀਂ ਸੀ। ਪਿਛਲੇ ਸਾਲ 25 ਮਈ ਨੂੰ ਇਹ ਫਿਲਮ ਸਾਈਨ ਕਰਨ ਦੇ ਬਾਅਦ ਉਨ੍ਹਾਂ ਨੇ ਪਿਤਾ ਨੂੰ ਫੋਨ 'ਤੇ ਇਸ ਦੀ ਜਾਣਕਾਰੀ ਦਿੱਤੀ। ਨਮਾਸ਼ੀ ਨੂੰ ਵਧਾਈ ਦਿੰਦੇ ਹੋਏ ਮਿਥੁਨ ਨੇ ਉਸ ਨੂੰ ਲਗਨ ਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ। 'ਬੈਡ ਬੁਆਏ' ਵਿੱਚ ਨਮਾਸ਼ੀ ਦੇ ਨਾਲ ਅਮਰੀਨ ਕੁਰੈਸ਼ੀ ਵੀ ਹਿੰਦੀ ਸਿਨੇਮਾ ਵਿੱਚ ਡੈਬਿਊ ਕਰ ਰਹੀ ਹੈ। ਇਨ੍ਹਾਂ ਦੋਵਾਂ ਦੇ ਨਾਲ ਜਾਨੀ ਲੀਵਰ, ਰਾਜਪਾਲ ਯਾਦਵ ਅਤੇ ਰਾਜੇਸ਼ ਸ਼ਰਮਾ ਵੀ ਮੁੱਖ ਭੂਮਿਕਾ ਵਿੱਚ ਹਨ। ਹਾਲ ਹੀ ਵਿੱਚ ਇਸ ਫਿਲਮ ਦਾ ਪੋਸਟਰ ਸਲਮਾਨ ਖਾਨ ਨੇ ਰਿਲੀਜ਼ ਕੀਤਾ ਸੀ।

## 'ਪਾਣੀ' ਦੀ ਸ਼ੂਟਿੰਗ ਬੰਦ ਹੋਣ 'ਤੇ ਰੋਏ ਸਨ ਸੁਸ਼ਾਂਤ : ਸ਼ੇਖਰ ਕਪੂਰ

ਸ਼ੇਖਰ ਕਪੂਰ ਦੇ ਨਿਰਦੇਸ਼ਨ ਵਿੱਚ ਸੁਸ਼ਾਂਤ ਸਿੰਘ ਰਾਜਪੂਤ ਨੇ ਫਿਲਮ 'ਪਾਣੀ' ਲਈ ਲਗਭਗ ਤਿੰਨ ਮਹੀਨੇ ਕੰਮ ਕੀਤਾ ਸੀ। ਫਿਰ ਫਿਲਮ ਦਾ ਨਿਰਮਾਣ ਬੰਦ ਕਰ ਦਿੱਤਾ ਗਿਆ। ਸੁਸ਼ਾਂਤ ਨੂੰ ਸ਼ਰਧਾਂਜਲੀ ਦੇਣ ਲਈ ਫਿਲਮ ਡਾਇਰੈਕਟਰ ਸ਼ੇਖਰ ਕਪੂਰ ਦੇ ਨਾਲ ਮਨੋਜ ਵਾਜਪਾਈ ਇੰਸਟਾਗ੍ਰਾਮ 'ਤੇ ਲਾਈਵ ਆਏ ਤੇ ਦੋਵਾਂ ਨੇ ਉਸ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਸੁਸ਼ਾਂਤ ਨਾਲ ਪਹਿਲੀ ਮੁਲਾਕਾਤ ਬਾਰੇ ਸ਼ੇਖਰ ਕਪੂਰ ਨੇ ਕਿਹਾ ਕਿ ਪਹਿਲੀ ਮੁਲਾਕਾਤ ਦੇ ਬਾਅਦ ਉਨ੍ਹਾਂ ਨੂੰ ਲੱਗਾ ਕਿ ਜਿਵੇਂ ਉਹ ਕਿਸੇ ਬੱਚੇ ਨੂੰ ਮਿਲ ਰਹੇ ਹਨ। ਸੁਸ਼ਾਂਤ ਸਿੰਘ 'ਪਾਣੀ' ਵਿੱਚ ਉਨ੍ਹਾਂ ਨਾਲ ਕੰਮ ਕਰਨ ਅਤੇ ਗੋਰਾ ਦਾ ਕਿਰਦਾਰ ਨਿਭਾਉਣ ਬਾਰੇ ਬਹੁਤ ਉਤਸ਼ਾਹਤ ਸਨ। ਉਹ ਫਿਲਮ ਦੇ ਨਾਲ ਇੰਨੀ ਗੰਭੀਰਤਾ ਨਾਲ ਜੁੜੇ ਸਨ ਕਿ ਸਿਨੇਮੈਟੋਗ੍ਰਾਫਰ, ਪ੍ਰੋਡਕਸ਼ਨ ਡਿਜ਼ਾਈਨਰ ਅਤੇ ਵੀ ਐੱਫ ਐਕਸ ਸੁਪਰਵਾਈਜ਼ਰ ਸਮੇਤ ਉਹ ਫਿਲਮ ਨਾਲ ਸੰਬੰਧਤ ਸਾਰੇ ਵਿਭਾਗਾਂ ਦੀਆਂ ਬੈਠਕਾਂ ਵਿੱਚ ਦਿਲਚਸਪੀ ਲੈਂਦੇ ਸਨ। ਉਹ ਅਕਸਰ ਸ਼ੇਖਰ ਨੂੰ ਕਹਿੰਦੇ ਕਿ ਸਰ, ਗੋਰਾ ਨਹੀਂ ਮਿਲਦਾ ਹੈ। ਗੋਰਾ ਅਜਿਹੇ ਖੇਤਰ ਦਾ ਕਿਰਦ-ਾਰ ਸੀ, ਜਿੱਥੇ ਪਾਣੀ ਦੀ ਬਹੁਤ ਕਮੀ ਸੀ। ਕਿਰਦਾਰ ਵਿੱਚ ਢਲਣ ਲਈ ਸੁਸ਼ਾਂਤ ਨੇ ਇੱਕ ਹਫਤੇ ਵਿੱਚ ਹੀ ਖੁਦ ਨੂੰ ਪਤਲਾ ਕੀਤਾ ਅਤੇ ਸੈੱਟ 'ਤੇ ਆ ਕੇ ਸ਼ੇਖਰ ਨੂੰ ਕਿਹਾ ਕਿ ਗੋਰਾ ਮਿਲ ਗਿਆ ਹੈ। ਸ਼ੇਖਰ ਮੁਤਾਬਕ ਇਸ ਫਿਲਮ ਦੀ ਸ਼ੂਟਿੰਗ ਬੰਦ ਹੋਣ ਪਿੱਛੋਂ ਸੁਸ਼ਾਂਤ ਖੂਬ ਰੋਏ ਸਨ।

ਇਸ ਮੌਕੇ ਮਨੋਜ ਵਾਜਪਾਈ ਨੇ ਦੱਸਿਆ ਕਿ ਸੁਸ਼ਾਂਤ ਆਪਣੇ ਸੀਨੀਅਰ ਅਭਿਨੇਤਾਵਾਂ ਤੋਂ ਮਿਲੇ ਹਰ ਨਿਰਦੇਸ਼ ਨੂੰ ਗੰਭੀਰਤਾ ਨਲ ਲੈਂਦੇ ਸਨ ਅਤੇ ਉਨ੍ਹਾਂ ਦਾ ਸਨਮਾਨ ਕਰਦੇ ਸਨ। ਸ਼ੂਟਿੰਗ ਦੇ ਸਮੇਂ ਉਹ ਸੈੱਟ 'ਤੇ ਕਵਾਂਟਮ ਫਿਜ਼ੀਕਸ ਦੀ ਕਿਤਾਬ ਆਪਣੇ ਨਾਲ ਰੱਖਦੇ ਸਨ।



## 10 ਜੁਲਾਈ ਨੂੰ ਆਏਗਾ 'ਮਾਫੀਆ'



ਡਿਜੀਟਲ ਪਲੇਟਫਾਰਮ 'ਤੇ ਕਰਾਈਮ ਆਧਾਤ ਕਹਾਣੀਆਂ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਇਸ ਕੜੀ ਵਿੱਚ ਜੀ 5 ਅੱਗੋਂ 10 ਜੁਲਾਈ ਨੂੰ ਮਿਸਟਰੀ ਡਰਾਮਾ ਥ੍ਰਿਲਰ 'ਮਾਫੀਆ' ਪੇਸ਼ ਕਰੇਗਾ। ਇਹ ਲੋਕਪ੍ਰਿਯ ਗੇਮ ਮਾਫੀਆ 'ਤੇ ਕੇਂਦਰਿਤ ਹੈ। 'ਮਾਫੀਆ' ਵਿੱਚ ਕਾਲਜ ਦੇ ਛੇ ਸਾਬਕਾ ਦੋਸਤਾਂ ਦੀ ਕਹਾਣੀ ਦਿਖਾਈ ਜਾਏਗੀ, ਜੋ ਕਰੀਬ ਪੰਜ ਸਾਲ ਬਾਅਦ ਇੱਕ ਦੂਸਰੇ ਨੂੰ ਮਿਲਦੇ ਹਨ। ਇਹ ਝਾਰਖੰਡ ਦੇ ਹਨੇਰੇ ਜੰਗਲਾਂ ਦੇ ਪਿਛੋਕੜ ਵਿੱਚ ਹੈ। ਇਸ ਦੀ ਕਹਾਣੀ ਇੱਕ ਰੀਯੂਨੀਅਨ ਪਾਰਟੀ ਦੇ ਦੁਆਲੇ ਘੁੰਮਦੀ ਹੋਈ ਨਜ਼ਰ ਆਏਗੀ, ਜਿਸ ਵਿੱਚ ਮਸਤੀ ਦੇ ਨਾਲ ਨਫਰਤ ਅਤੇ ਅਤੀਤ ਦੇ ਵਿਸ਼ਵਾਤ ਘਾਤ ਦੀ ਭਾਵਨਾ ਪੈਦਾ ਹੁੰਦੀ ਹੈ। 'ਮਾਫੀਆ' ਛੇ ਦੋਸਤਾਂ (ਖਿਡਾਰੀਆਂ) ਦੇ ਜੀਵਨ ਤੋਂ ਰੂ-ਬ-ਰੂ ਕਰਾਉਣ ਵੇਲੇ ਭੇਦਭਰੇ ਡਰਾਮਾ ਮਨੋਵਿਗਿਆਨਕ ਥ੍ਰਿਲਰ ਵਿੱਚ ਬਦਲ ਜਾਵੇਗਾ। ਸੀਰੀਜ਼ ਵਿੱਚ ਨਿਤਿਨ ਨਾਂਅ ਦਾ ਮੁੱਖ ਕਿਰਦਾਰ ਨਿਭਾ ਰਹੇ ਨਮਿਤ ਦਾਸ ਕਹਿੰਦੇ ਹਨ ਕਿ ਇਸ ਦੇ ਕਿਰਦਾਰਾਂ ਵਿੱਚ ਬਹੁਤ ਸਾਰੀਆਂ ਪਰਤਾਂ ਹਨ ਅਤੇ ਹਰ ਐਪੀਸੋਡ ਨਾਲ ਕਹਾਣੀ ਉਨ੍ਹਾਂ ਨੂੰ ਨਵੇਂ ਸੁਰਾਗ ਤੋਂ ਜਾਣੂ ਕਰਵਾਏਗੀ ਤੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖੇਗੀ।



## ਇਹ ਇੱਕ ਨਾਜ਼ੁਕ ਦੁਨੀਆ ਹੈ: ਕਿਆਰਾ

ਸਾਲ 2014 ਵਿੱਚ ਫਿਲਮ 'ਫਗਲੀ' ਨਾਲ ਹਿੰਦੀ ਫਿਲਮਾਂ ਵਿੱਚ ਆਈ ਕਿਆਰਾ ਅਡਵਾਨੀ ਨੂੰ ਪਹਿਲੀ ਵੱਡੀ ਸਫਲਤਾ ਸਾਲ 2016 ਵਿੱਚ ਫਿਲਮ 'ਐੱਮ ਐੱਸ ਧੋਨੀ : ਦਿ ਅਨਟੋਲਡ ਸਟੋਰੀ' ਤੋਂ ਮਿਲੀ। ਅੱਜ ਇੱਕ ਤੋਂ ਬਾਅਦ ਇੱਕ ਹਿੱਟ ਫਿਲਮਾਂ ਦੇ ਕੇ ਕਿਆਰਾ ਨਿਰਮਾਤਾ-ਨਿਰਦੇਸ਼ਕਾਂ ਦੀ ਮਨਪਸੰਦ ਅਭਿਨੇਤਰੀ ਬਣ ਚੁੱਕੀ ਹੈ। ਬੀਤੇ ਸਾਲ ਵੀ 'ਕਬੀਰ ਸਿੰਘ' ਅਤੇ 'ਗੁੱਡ ਨਿਊਜ਼' ਆਦਿ ਹਿੱਟ ਫਿਲਮਾਂ ਦਾ ਹਿੱਸਾ ਰਹੀ ਕਿਆਰਾ ਇਸ ਸਾਲ ਵੈੱਬ ਫਿਲਮ 'ਗਿਲਟੀ' ਅਤੇ ਫਿਲਮ 'ਅੰਗਰੇਜ਼ੀ ਮੀਡੀਅਮ' 'ਚ ਸਪੈਸ਼ਲ ਨੰਬਰ 'ਚ ਨਜ਼ਰ ਆਈ। ਅੱਗੇ ਵੀ ਉਸ ਦੀ ਝੋਲੀ ਫਿਲਮਾਂ ਨਾਲ ਭਰੀ ਹੈ ਜਿਨ੍ਹਾਂ 'ਚ 'ਲਕਸ਼ਮੀ ਬੰਬ', 'ਇੰਦੂ ਕੀ ਜਵਾਨੀ', 'ਸ਼ੇਰਸ਼ਾਹ' ਅਤੇ 'ਭੂਲ-ਭੁਲੱਈਆਂ' ਹਨ। ਪੇਸ਼ ਹਨ ਕਿਆਰਾ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼:

* ਅੱਜ ਤੱਕ ਤੁਸੀਂ ਹਰੇਕ ਵੱਡੇ ਨਿਰਦੇਸ਼ਕਾਂ ਦੇ ਨਾਲ ਕੰਮ ਕੀਤਾ ਹੈ ਅੱਗੇ ਕਿਨ੍ਹਾਂ ਨਾਲ ਫਿਲਮ ਕਰਨਾ ਤੁਹ-ਾਡੇ ਲਈ ਡ੍ਰੀਮ ਪ੍ਰੋਜੈਕਟ ਹੋਵੇਗਾ?

- ਸੰਜੇ ਲੀਲਾ ਭੰਸਾਲੀ ਅਤੇ ਰਣਵੀਰ ਸਿੰਘ ਨਾਲ ਕੰਮ ਕਰਨਾ ਮੇਰੇ ਲਈ ਕਿਸੇ ਸੁਫਨੇ ਦੇ ਸੱਚ ਹੋਣ ਵਾਂਗ ਹੋਵੇਗਾ।

* ਕੀ ਬਤੌਰ ਅਭਿਨੇਤਰੀ ਤੁਸੀ ਵੀ ਅਸੁਰੱਖਿਆ ਦਾ ਸਾਹਮਣਾ ਕਰਦੇ ਹੋ?

-ਬਿਲਕੁਲ। ਮੈਨੂੰ ਲੱਗਦਾ ਹੈ ਕਿ ਹਰ ਕਲਾਕਾਰ ਅਸੁਰੱਖਿਅਤ ਹੈ। ਇੰਝ ਹੋਣਾ ਚੰਗਾ ਹੈ ਕਿਉਂਕਿ ਇਹ ਨਾਜ਼ੁਕ ਦੁਨੀਆ ਹੈ। ਮੇਰਾ ਮੰਨਣਾ ਹੈ ਕਿ ਕੀ ਸੁਰੱਖਿਆ ਇੱਕ ਤਰ੍ਹਾਂ ਤੁਹਾਨੂੰ ਮਜ਼ਬੂਤ ਅਤੇ ਬਿਹਤਰ ਬਣਾਉਂਦੀ ਹੈ। ਇਹ ਤੁਹਾਨੂੰ ਆਪਣਾ ਸੁਪਰੀਮ ਕਰਨ ਦਾ ਮੌਕਾ ਦਿੰਦੀ ਹੈ।

* ਕਿਹੜੀਆਂ ਗੱਲਾਂ ਤੁਹਾਨੂੰ ਪ੍ਰੇਰਿਤ ਕਰਦੀਆਂ ਹਨ?

-ਜੇ ਕੋਈ ਮੇਰੇ ਬਾਰੇ ਅਜਿਹੀਆਂ ਗੱਲਾਂ ਕਰਦਾ ਹੈ, ਮੈਨੂੰ ਕਾਲ ਜਾਂ ਮੈਸੇਜ ਕਰਦਾ ਹੈ ਜਿਸ ਦੀ ਮੈਂ ਖੁਦ ਪ੍ਰਸ਼ੰਸਾ ਕਰਦੀ ਹਾਂ ਤਾਂ ਮੈਂ ਅਸਲ 'ਚ ਖੁਸ਼ ਅਤੇ ਰੋਮਾਂਚਕ ਮਹਿਸੂਸ ਕਰਦੀ ਹਾਂ। ਇਹ ਮੇਰੀ ਐਨਰਜੀ ਨੂੰ ਦੋ ਗੁਣਾ ਕਰ ਦਿੰਦਾ ਹੈ।

* ਅਭਿਨੈ ਤੋਂ ਇਲਾਵਾ ਤੁਹਾਨੂੰ ਹੋਰ ਕੀ-ਕੀ ਪਸੰਦ ਹੈ?

-ਮੈਨੂੰ ਸਮੁੰਦਰ ਅਤੇ ਉਸ ਨਾਲ ਜੁੜੀ ਹਰ ਚੀਜ਼ ਪਸੰਦ ਹੈ। ਮੈਨੂੰ ਪੇਂਟਿੰਗ ਕਰਨਾ ਵੀ ਚੰਗਾ ਲੱਗਦਾ ਹੈ। ਮੈਨੂੰ ਟ੍ਰੈਵਲਿੰਗ ਦਾ ਵੀ ਜਨੂੰਨ ਹੈ। ਮੈਂ ਕੰਮ ਕਰਦੀ ਹਾਂ ਤਾਂ ਕਿ ਯਾਤਰਾ ਕਰ ਸਕਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing
GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

**We Also Provide All Level's of First Aid & CPR Training**
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE T EMS · CANADIAN RED CROSS Training Partner

## A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
### 1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience



## Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿੱਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW



AVTAR UPPAL
Manager

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਘੋਲੀਆ

